Vide R.N.I. No. Pun-Pun 2002/8323

ASR/0001/2021/23

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਭੇਟਾ: 25/-

D.O.P. 15 March 2023




ਅੰਕ 150 ਵਾਂ

ਸਾਲ 1998-2023

ਸਿਫਤਿ ਸਾਲਾਹ

ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ ।

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥



ਸ੍ਰੀ ਹਰਿਮੰਦਰ ਸਾਹਿਬ ਜੀ ਤੇ ਵਿਸ਼ੇਸ਼ ਅੰਕ

# ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਅੰਦਰ ਸੁਸ਼ੋਭਿਤ ਪਵਿੱਤਰ ਤਿੰਨ ਬੇਰੀਆਂ




## 1 ਗੁ: ਲਾਚੀ ਬੇਰ ਸਾਹਿਬ

ਸੰਮਤ 1654 (ਸੰਨ 1577) ਵਿੱਚ ਅੰਮ੍ਰਿਤ ਸਰੋਵਰ ਦੀ ਸੇਵਾ ਆਰੰਭ ਹੋਈ ਸੀ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਬੇਰੀ ਹੇਠ ਬਰਾਜਦੇ ਸਨ। ਇਸ ਥਾਂ ਤੇ ਭਾਈ ਸ਼ਾਲੋ ਜੀ ਅੰਮ੍ਰਿਤ ਸਰੋਵਰ ਦੀ ਸੇਵਾ ਕਰਵਾਇਆ ਕਰਦੇ ਸਨ। ਸੰਮਤ 1797 (ਸੰਨ 1740) ਮੱਸੇ ਰੰਘੜ ਦਾ ਸਿਰ ਕੱਟਣ ਆਏ ਬੀਰ ਬਹਾਦਰ ਭਾਈ ਮਹਿਤਾਬ ਸਿੰਘ ਮੀਰਾਂ ਕੋਟ ਅਤੇ ਭਾਈ ਸੁੱਖਾ ਸਿੰਘ ਮਾੜੀ ਕੰਬੋਕੇ ਨੇ ਆਪਣੇ ਘੋੜੇ ਇਸ ਬੇਰੀ ਨਾਲ ਬੰਨੇ ਸਨ। ਇਹ ਬੇਰੀ ਉਦੋਂ ਦੀ ਹੈ। ਨਿੱਕੇ-ਨਿੱਕੇ ਲਾਚੀਆਂ ਵਰਗੇ ਬੇਰ ਲੱਗਣ ਕਰਕੇ ਇਸ ਦਾ ਨਾਮ ਲਾਚੀ ਬੇਰ ਪੈ ਗਿਆ।

## 2 ਬੇਰ ਬਾਬਾ ਬੁੱਢਾ ਸਾਹਿਬ

ਇਸ ਬੇਰ ਹੇਠ ਗੁਰੂ ਘਰ ਦੇ ਅਨਿਨ ਸੇਵਕ ਬਾਬਾ ਬੁੱਢਾ ਸਾਹਿਬ ਜੀ ਬੈਠ ਕੇ ਸ੍ਰੀ ਅੰਮ੍ਰਿਤ ਸਰੋਵਰ ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਕਰਾਇਆ ਕਰਦੇ ਸਨ। ਸੰਮਤ 1661 (ਸੰਨ 1604 ਈ.) ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸ੍ਰੀ ਹਰਿਮੰਦਰ ਸਾਹਿਬ ਅੰਦਰ ਪਹਿਲੀ ਵਾਰ ਪ੍ਰਕਾਸ਼ ਹੋਣ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਨੂੰ ਪਹਿਲੇ ਗ੍ਰੰਥੀ ਨੀਯਤ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੱਕ ਆਪਦੇ ਹੱਥੀਂ ਗੁਰਗੱਦੀ ਦੀ ਰਸਮ ਅਦਾ ਕੀਤੀ ਜਾਂਦੀ ਰਹੀ। ਜਦੋਂ 14 ਮੱਘਰ ਸੰਮਤ 1688 (1631 ਈ.) ਨੂੰ ਪਿੰਡ ਰਮਦਾਸ ਵਿਖੇ ਆਪ ਜੀ ਅਕਾਲ ਚਲਾਣਾ ਕਰ ਗਏ ਤਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਕਰ ਕਮਲਾਂ ਨਾਲ ਇਸ ਮਹਾਨ ਪੁਰਸ਼ ਦਾ ਅੰਤਿਮ ਸਸਕਾਰ ਕੀਤਾ।






## 3 ਗੁ: ਸ੍ਰੀ ਦੁੱਖ ਭੰਜਨੀ ਬੇਰ ਸਾਹਿਬ

ਇਹ ਉਹ ਅਸਥਾਨ ਹੈ ਜਿੱਥੇ ਇਸ਼ਨਾਨ ਕਰਕੇ ਬੀਬੀ ਰਜਨੀ ਦਾ ਪਿੰਗਲਾ ਪਤੀ ਗੁਰੂ ਦੀ ਕ੍ਰਿਪਾ ਨਾਲ ਦੇਹ ਅਰੋਗ ਹੋਇਆ ਸੀ। ਵਾਪਰਿਆ ਇਉਂ ਕਿ ਪੱਟੀ ਦੇ ਇੱਕ ਹੰਕਾਰੀ ਚੌਧਰੀ ਦੁਨੀ ਚੰਦ ਨੇ ਆਪਣੀਆਂ ਪੁੱਤਰੀਆਂ ਤੋਂ ਪੁੱਛਿਆ ਕਿ ਉਨ੍ਹਾਂ ਦੀ ਪਾਲਣਾ ਕੌਣ ਕਰਦਾ ਹੈ? ਹੋਰ ਸਭਨਾਂ ਦੁਨੀ ਚੰਦ ਦੀ ਇੱਛਾ ਅਨੁਸਾਰ ਕਹਿ ਦਿੱਤਾ ਕਿ ਉਹ ਉਸਦਾ ਦਿੱਤਾ ਖਾਂਦੀਆਂ ਹਨ, ਪਰ ਬੀਬੀ ਰਜਨੀ ਜੋ ਬਚਪਨ ਵਿੱਚ ਲਾਹੌਰ ਵਿਖੇ ਗੁਰੂ ਜੀ ਦੇ ਸ਼ਰਧਾਲੂ ਪਰਿਵਾਰ ਆਪਣੇ ਨਾਨਕੇ ਘਰ ਵਿੱਚ ਪਲਣ ਕਾਰਨ ਗੁਰਮਤਿ ਦੇ ਰਹੱਸ ਨੂੰ ਸਮਝਦੀ ਸੀ, ਉਸ ਨੇ ਸਪੱਸ਼ਟ ਕਹਿ ਦਿੱਤਾ ਕਿ ਸਭ ਦਾ ਪਾਲਣ ਹਾਰ ਕੇਵਲ ਇੱਕ ਪ੍ਰਮਾਤਮਾ ਹੈ ਅਤੇ ਸਭ ਉਸ ਵਾਹਿਗੁਰੂ ਦਾ ਦਿੱਤਾ ਖਾਂਦੇ ਹਨ। ਐਸਾ ਜਵਾਬ ਸੁਣ ਕੇ ਕਰੋਧ ਵਿੱਚ ਆਇਆ ਹੰਕਾਰੀ ਪਿਤਾ ਨੇ ਬੀਬੀ ਰਜਨੀ ਦਾ ਵਿਆਹ ਇੱਕ ਪਿੰਗਲੇ ਨਾਲ ਕਰ ਦਿੱਤਾ। ਬੀਬੀ ਭਾਣਾ ਮੰਨਦਿਆਂ ਆਪਣੇ ਪਿੰਗਲੇ ਪਤੀ ਨੂੰ ਟੋਕਰੇ ਵਿੱਚ ਰੱਖ ਸਿਰ ਉੱਪਰ ਚੁੱਕ ਕੇ ਪਿੰਡੋ ਪਿੰਡੀ ਹੁੰਦਿਆਂ ਇਸ ਅਸਥਾਨ ਤੇ ਪਹੁੰਚੀ। ਟੋਕਰਾ ਇਸ ਬੇਰੀ ਦੀ ਤਾਂ ਹੇਠ ਰੱਖ ਕੇ ਬੀਬੀ ਪ੍ਰਸ਼ਾਦੇ ਆਦਿ ਲੈਣ ਲਈ ਤੁੰਗ ਪਿੰਡ ਗਈ ਤਾਂ ਪਿੱਛੋਂ ਪਿੰਗਲੇ ਪਤੀ ਨੂੰ ਅਦਭੁੱਤ ਨਜ਼ਾਰਾ ਡਿੱਠਾ ਕਿ ਕਾਲੇ ਕਾਂ ਸਰੋਵਰ ਵਿੱਚ ਟੁੱਭੀ ਲਾ ਕੇ ਹੰਸ ਬਣ ਕੇ ਉੱਡਦੇ ਜਾ ਰਹੇ ਹਨ। ਇਸ ਨੇ ਸਾਹਸ ਕਰਕੇ ਬੇਰੀ ਦੀਆਂ ਜੜ੍ਹਾਂ ਦੇ ਆਸਰੇ ਨਾਲ ਸਰੋਵਰ ਵਿੱਚ ਟੁੱਭੀ ਲਾਈ। ਗੁਰੂ ਦੀ ਕ੍ਰਿਪਾ ਨਾਲ ਇਸ ਦੀ ਦੇਹ ਅਰੋਗ ਹੋ ਗਈ। ਬੀਬੀ ਨੇ ਵਾਪਸ ਆ ਕੇ ਜਦ ਆਪਣੇ ਪਿੰਗਲੇ ਪਤੀ ਦੀ ਥਾਂ ਖੂਬਸੂਰਤ ਨੌਜਵਾਨ ਨੂੰ ਡਿੱਠਾ ਤਾਂ ਉਸ ਨੂੰ ਸ਼ੰਕਾ ਹੋਇਆ ਕਿ ਸ਼ਾਇਦ ਇਸ ਨੌਜਵਾਨ ਨੇ ਮੇਰੇ ਪਿੰਗਲੇ ਪਤੀ ਨੂੰ ਮਾਰ ਦਿੱਤਾ ਹੈ। ਜਦ ਇਹ ਮਸਲਾ ਸੰਤੋਖਸਰ ਦੀ ਸੇਵਾ ਕਰਵਾ ਰਹੇ ਸ੍ਰੀ ਗੁਰੂ ਰਾਮਦਾਸ ਜੀ ਪਾਸ ਪੁੱਜਾ ਤਾਂ ਉਨ੍ਹਾਂ ਬੀਬੀ ਦਾ ਸ਼ੰਕਾ ਨਵਿਰਤ ਕਰਦਿਆਂ ਕਿਹਾ ਕਿ ਬੀਬੀ, ਤੇਰੀ ਸੇਵਾ, ਸ਼ਰਧਾ, ਦ੍ਰਿੜਤਾ ਅਤੇ ਇਸ ਅਸਥਾਨ ਦੀ ਸ਼ਕਤੀ ਸਦਕਾ ਤੇਰਾ ਪਿੰਗਲਾ ਪਤੀ ਅਰੋਗ ਹੋ ਗਿਆ ਹੈ। ਗੁਰੂ ਜੀ ਨੇ ਆਪ ਇਸ ਅਸਥਾਨ ਦਾ ਨਾਮ ਦੁੱਖ ਭੰਜਨੀ ਸਾਹਿਬ ਰੱਖਿਆ।

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-150ਵਾਂ (2023)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ


- ਸੰਪਾਦਕੀ 4
- ਸੱਚਖੰਡ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ 5
- ਮਣੀ ਗਵਾਚਿਆ ਸੱਪ... 10
- ਸਾਂਝੀਵਾਲਤਾ ਦਾ ਪ੍ਰਤੀਕ: ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 12
- ਮਹਾਨਤਾ ਸ੍ਰੀ ਹਰਿਮੰਦਰ ਸਾਹਿਬ 13
- ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵਾਪਰੀਆਂ ਕੁਝ ਹੱਡ-ਬੀਤੀਆਂ 20-21
- ਸ੍ਰੀ ਹਰਿਮੰਦਰ ਸਾਹਿਬ ਜਾਣ ਦੀਆਂ ਜੁਗਤੀਆਂ ਬਾਬਾ ਖੇਮ ਸਿੰਘ ਜੀ ਦਾ ਬਚਨ 22
- ਕੁਦਰਤੀ ਚਮਤਕਾਰ 24
- ਅਨਮੋਲ ਬਚਨ 25
- ਭਗਤੀ ਤੇ ਸ਼ਕਤੀ ਦਾ ਸੋਮਾ: ਸ੍ਰੀ ਹਰਿਮੰਦਰ ਸਾਹਿਬ 26
- ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ 28
- ਸ੍ਰੀ ਹਰਿਮੰਦਰ ਸਾਹਿਬ ਵਿਖੇ ਬਸੰਤ ਰਾਗ ਦੀ ਮਰਿਆਦਾ 29
- ਸ੍ਰੀ ਹਰਿਮੰਦਰ ਸਾਹਿਬ ਦੀ ਸੰਪੂਰਨਤਾ ਹੋਣ ਤੇ... 30
- ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦੁਆਰ ਤੇ ਸੁਭਾਇਮਾਨ ਮਹਾਰਾਜਾ ਰਣਜੀਤ ਸਿੰਘ ਵੱਲੋਂ ਲਿਖਵਾਏ ਕੁਝ ਹਰਫ਼ 31
- ਕੀਰਤਨ ਦੀਆਂ ਚੌਂਕੀਆਂ 32
- महानता श्री हरिमंदिर साहिब 33
- श्री हरिमंदिर साहिब के अंदर की आठ पहरी मर्यादा 39
- Sri Akal Takht Sahib- The Supreme Seat 42
- Founding of Amritsar 'Sifti Da Ghar' 47


ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
*-ਸੰਪਾਦਕ*

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਕਿਰਪਾ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਅਤੇ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ 'ਸਿਫਤਿ ਸਾਲਾਹ ਰਸਾਲਾ' ਆਪਣੇ 150 ਅੰਕ ਵਿੱਚ ਕਦਮ ਰੱਖ ਚੁੱਕਿਆ ਹੈ। ਆਪ ਸਭ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕਾਂ। ਅਰਦਾਸ ਕਰਨਾ ਸਿਫਤਿ ਸਾਲਾਹ ਦੀ ਇਹ ਫੁਲਵਾੜੀ ਗੁਰੂ ਸਾਹਿਬ ਦੀ ਕਿਰਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਸਦਕਾ ਗੁਰਮਤਿ ਪਸਾਰੇ ਦੀ ਮਹਿਕ ਸਾਰੇ ਪਾਸੇ ਬਿਖੇਰਦੀ ਰਹੇ। ਸਿਫਤਿ ਸਾਲਾਹ ਦਾ ਇਹ 150ਵਾਂ ਅੰਕ ਭਗਤੀ, ਨਿਰਵੈਰਤਾ, ਸਾਂਝੀਵਾਲਤਾ ਅਤੇ ਰੂਹਾਨੀਅਤ ਦੇ ਮੁਜੱਸਮੇ ਸ੍ਰੀ ਹਰਿਮੰਦਰ ਸਾਹਿਬ ਨੂੰ ਸਮਰਪਿਤ ਕੀਤਾ ਗਿਆ ਹੈ। ਇੱਕ ਐਸਾ ਅਸਥਾਨ ਜਿਸ ਦਾ ਨਾਂ, ਜਿਸ ਦੀ ਛਵੀ ਦਿਮਾਗ ਵਿੱਚ ਆਉਂਦਿਆਂ ਹੀ ਅੰਦਰ ਸ਼ਾਂਤੀ ਆ ਜਾਂਦੀ ਹੈ, ਅੰਦਰ ਸਿਮਰਨ ਦੀ ਰੌਅ ਤੁਰ ਉੱਠਦੀ ਹੈ ਤੇ ਜਿਸ ਦੀ ਮਹਾਨਤਾ ਨੂੰ ਦਰਸਾਉਂਦਿਆਂ ਪੰਜਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪ ਫੁਰਮਾਇਆ ਕਿ ਅੰਮ੍ਰਿਤਸਰ ਮਾਨਸਰੋਵਰ ਕੀਤਾ ਹੈ ਅਤੇ ਹਰਿਮੰਦਰ ਜੀ ਜਹਾਜ਼ ਬਣਾਇਆ ਹੈ, ਜਿਸ ਦਾ ਬਾਦਬਾਨ ਵਾਹਿਗੁਰੂ ਹੈ ਅਤੇ ਮਲਾਹ ਗੁਰ ਸ਼ਬਦ। ਅਜਿਹਾ ਮਹਾਨ ਅਸਥਾਨ ਜਿਸ ਵਰਗਾ ਸਾਰੀ ਦੁਨੀਆਂ ਵਿੱਚ ਹੋਰ ਕੋਈ ਅਸਥਾਨ ਨਹੀਂ, ਉਸ ਪਾਵਨ ਅਸਥਾਨ ਨੂੰ ਸਿਫਤਿ ਸਾਲਾਹ ਦਾ ਇਹ ਅੰਕ ਸਮਰਪਿਤ ਕੀਤਾ ਗਿਆ ਹੈ। ਭਾਈ ਵੀਰ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਉਪਮਾ ਕਰਦਿਆਂ ਬੜਾ ਸੁਹਣਾ ਲਿਖਿਆ ਹੈ :

***ਹਰਿ ਰਸ ਦੀ ਜਦ ਟੋਟ ਪਵੇ ਫਕੀਰ ਨੂੰ ਪਰਲੋ ਮਚੇ ਚੁਫੇਰ ਤਿਉਂ ਘਬਰਾਂਵਦਾ।***
***ਟੁਟੀ ਡੋਰ ਜਿ ਦਵਾਰ ਤੇਰੇ ਆਂਵਦਾ ਲਹਿਰ ਫਿਰੇ ਇਕ ਵਾਰ ਰੌਂ ਮੁੜ ਧਾਂਵਦਾ।***
***ਕੀਹ ਅਗੰਮੀ ਖੇਡ ਏਥੇ ਲਹਿਰਦੀ ਅਰਸ਼ ਉਤਰਿਆ ਆਨ ਰਸੀਆ ਬਚਾਂਵਦਾ।***

ਉਹ ਲਿਖਦੇ ਹਨ ਕਿ ਕਦੇ ਸਿਮਰਨ ਦੀ ਤੰਦ ਟੁੱਟ ਜਾਏ, ਇੱਥੇ ਪੁੱਜਦੇ ਸਾਰ ਫਿਰ ਉਹ ਰੌਅ ਤੁਰ ਉਠਦੀ ਹੈ, ਡੋਰੀ ਸਹਿ ਨਾਲ ਲੱਗ ਜਾਂਦੀ ਹੈ। ਸ੍ਰੀ ਹਰਿਮੰਦਰ ਸਾਹਿਬ ਇੱਕ ਐਸਾ ਪਾਵਨ ਅਸਥਾਨ ਹੈ ਜਿਸ ਦੀ ਵਡਿਆਈ ਕਰਦਿਆਂ ਹੋਰ ਧਰਮਾਂ ਦੇ ਅਨੁਯਾਈ ਵੀ ਰਹਿ ਨਹੀਂ ਸਕੇ। ਇਸ ਅਸਥਾਨ ਦੀ ਮਹਿਮਾ ਗਾਉਂਦਿਆਂ ਹਰੀ ਦਾਸ ਨਾਂ ਦੇ ਕਵੀ ਨੇ ਬਹੁਤ ਸੁਹਣਾ ਲਿਖਿਆ ਹੈ:

***ਅੰਮ੍ਰਿਤਸਰ ਬੈਕੁੰਠ ਕੋ, ਤੋਲਿਓ ਹਰਿ 'ਹਰਦਾਸ'। ਗੋਰਾ (ਭਾਰਾ) ਸੋ ਧਰਤੀ ਰਿਹੈ, ਹੌਲਾ (ਹਲਕਾ) ਚੜਿਓ ਆਕਾਸ਼।***

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸਿੱਖ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਰਹਿ ਰਿਹਾ ਹੈ, ਇਸ ਅਸਥਾਨ ਦੀ ਚਰਨ ਧੂੜੀ ਮਸਤਕ ਨੂੰ ਲਗਾਉਣ ਦੀ ਲੋਚਾ ਉਸ ਦੇ ਅੰਦਰ ਹਰ ਵੇਲੇ ਹੀ ਬਣੀ ਰਹਿੰਦੀ ਹੈ। ਬਣੇ ਵੀ ਕਿਉਂ ਨਾ? ਅੰਮ੍ਰਿਤਮਈ ਰਿਸ਼ਮਾਂ ਨਾਲ ਭਰਪੂਰ ਹੈ ਇਹ ਅਸਥਾਨ। ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ ਮਹਾਂਪੁਰਸ਼ਾਂ ਦੀ ਕਿੰਨੀ ਭਾਵਨਾ ਸੀ, ਇਸ ਅਸਥਾਨ ਬਾਰੇ ਬਚਨ ਕਰਦੇ ਸਨ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿੱਚ ਇੱਕ-ਇੱਕ ਕਦਮ ਬੜੇ ਧਿਆਨ ਨਾਲ ਧਰਨਾ ਚਾਹੀਦਾ ਹੈ। ਇੱਕ-ਇੱਕ ਸਿਲ ਥੱਲੇ ਕਈ ਭਗਤਾਂ ਦੀ ਭਗਤੀ, ਕਈ ਜਪੀਆਂ ਦਾ ਜਪ, ਕਈ ਤਪੀਆਂ ਦਾ ਤਪ ਤੇ ਪਤਾ ਨਹੀਂ ਕਿੰਨੇ ਸ਼ਹੀਦ ਸਿੰਘਾਂ ਦਾ ਸੁੱਚਾ ਲਹੂ ਡੁੱਲ੍ਹਿਆ ਹੋਇਆ ਹੈ। ਬਾਬਾ ਜੈਮਲ ਸਿੰਘ ਜੀ ਭੂਰੀ ਵਾਲੇ ਮਹਾਂਪੁਰਸ਼ ਆਪਣੇ ਸੇਵਕਾਂ ਨਾਲ ਸਾਰਾ ਦਿਨ ਪ੍ਰਕਰਮਾ ਵਿੱਚ ਤੋਲੀਏ ਦੀ ਸੇਵਾ ਨਿਭਾਉਂਦਿਆਂ ਅੰਦਰ ਇਹ ਭਾਵਨਾ ਰੱਖਦੇ ਸਨ ਕਿ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੇਵਾ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਸਰੀਰ ਦੀ ਸੇਵਾ ਹੈ। ਆਓ, ਅਸੀਂ ਸਾਰੇ ਜਦੋਂ ਵੀ ਸਮਾਂ ਬਣੇ, ਇਸ ਅਸਥਾਨ ਦੀ ਚਰਨ ਧੂੜੀ ਮਸਤਕ ਨੂੰ ਲਗਾਉਣ ਲਈ ਸਮੇਂ-ਸਮੇਂ ਤੇ ਪਰਿਵਾਰ ਸਮੇਤ ਇੱਥੇ ਆਈਏ ਤਾਂ ਕਿ ਆਪਣੇ ਕੇਂਦਰੀ ਅਸਥਾਨ ਨਾਲ ਜੁੜੇ ਰਹੀਏ। ਅਸੀਸ ਦੇਣਾ, ਅਦਾਰਾ ਸਿਫਤਿ ਸਾਲਾਹ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਸੁਚੱਜੀ ਅਗਵਾਈ ਵਿੱਚ ਗੁਰਮਤਿ ਆਸ਼ਿਆਂ ਦੀ ਖੁਸ਼ਬੂ ਦੂਰ-ਦੂਰ ਤੱਕ ਪਹੁੰਚਾਉਂਦਾ ਰਹੇ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

# ਸੱਚਖੰਡ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼

*—ਸਿੰਘ ਸਾਹਿਬ*
*ਗਿਆਨੀ ਮੱਲ ਸਿੰਘ ਜੀ*

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਅੰਦਰ ਹਰ ਰੋਜ਼ ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕਰਨ ਅਤੇ ਪਵਿੱਤਰ ਹੁਕਮਨਾਮਾ ਲੈਣ ਦੀ ਸਾਰੀ ਮਰਯਾਦਾ ਇਸ ਪ੍ਰਕਾਰ ਹੈ :

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ, ਕੋਠਾ ਸਾਹਿਬ ਦੇ ਪਵਿੱਤਰ ਅਸਥਾਨ ਤੋਂ ਅਦਬ ਸਤਿਕਾਰ ਸਹਿਤ ਇਸ ਤਰ੍ਹਾਂ ਹਰਿਮੰਦਰ ਸਾਹਿਬ ਅੰਦਰ ਹਰ ਰੋਜ਼ ਅੰਮ੍ਰਿਤ ਵੇਲੇ ਲਿਆਇਆ ਜਾਂਦਾ ਹੈ। ਅੰਮ੍ਰਿਤ ਵੇਲੇ ਹਰ ਰੋਜ਼ ਦੀ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵਿਖੇ ਜਿਸ ਸਮੇਂ ਨਗਾਰਚੀ ਸਿੰਘ ਨਗਾਰੇ 'ਤੇ ਚੋਟ ਲਗਾਉਂਦਾ ਹੈ, ਭਾਵ ਨਗਾਰਾ ਵਜਾਉਂਦਾ ਹੈ ਤਾਂ ਉਸ ਸਮੇਂ ਸਿੰਘ ਸਾਹਿਬ ਗ੍ਰੰਥੀ ਜਾਂ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਕੋਠਾ ਸਾਹਿਬ ਵਿਖੇ ਮੱਥਾ ਟੇਕਦੇ ਹਨ ਅਤੇ ਕੋਠਾ ਸਾਹਿਬ ਜੀ ਅੰਦਰੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਗ੍ਰੰਥੀ ਜਾਂ ਹੈੱਡ ਗ੍ਰੰਥੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਿੰਘ ਸਾਹਿਬ ਦੇ ਗਲ ਵਿੱਚ ਫੁੱਲਾਂ ਦਾ ਸਿਹਰਾ ਪਾਉਂਦੇ ਹਨ। ਇਸ ਉਪਰੰਤ ਸਿੰਘ ਸਾਹਿਬ ਜੀ ਸੰਖੇਪ ਅਰਦਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ



ਆਪਣੇ ਸੀਸ ਉੱਪਰ ਲੈਂਦੇ ਹਨ। ਚੌਰ ਬਰਦਾਰ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਪਰ ਚੌਰ ਕਰਦਾ ਹੈ। ਦੋ ਚੋਬਦਾਰ ਸਿੰਘ ਅੱਗੇ-ਅੱਗੇ ਚਲਦੇ ਹਨ ਅਤੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਹੱਥ ਜੋੜ ਸਤਿਗੁਰੂ ਜੀ ਦੇ ਸਤਿਕਾਰ ਵਿੱਚ ਪਿੱਛੇ-ਪਿੱਛੇ ਚਲਦਾ ਹੈ। ਇਸ ਤਰ੍ਹਾਂ ਸਿੰਘ ਸਾਹਿਬ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਾਵਨ ਸਰੂਪ ਨੂੰ ਲੈ ਕੇ ਸਹਿਜੇ-ਸਹਿਜੇ ਪਉੜੀਆਂ ਉਤਰਦੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ (ਥੱਲੇ) ਸਾਹਮਣੇ ਸੁਨਹਿਰੀ ਪਾਲਕੀ ਸਾਹਿਬ ਰੰਗ-ਬਰੰਗੇ ਤਾਜ਼ੇ ਫੁੱਲਾਂ ਨਾਲ ਸਜਾ ਕੇ ਬੇਅੰਤ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਦੀ ਉਡੀਕ ਵਿੱਚ, ਸਜਲ ਨੇਤਰਾਂ ਸਹਿਤ ਪ੍ਰੇਮ ਨਾਲ ਵੈਰਾਗ ਦੇ ਸ਼ਬਦ ਪੜ੍ਹਦੀਆਂ ਹਨ। ਹਜ਼ੂਰ ਦੇ ਦਰਸ਼ਨ ਕਰਦਿਆਂ ਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ (ਸੀਸ ਝੁਕਾ) ਮਸਤਕ ਟੇਕ ਕੇ ਅਦਬ ਸਤਿਕਾਰ ਨਾਲ ਪਾਵਨ ਸਰੂਪ ਨੂੰ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕੀਤਾ ਜਾਂਦਾ ਹੈ। ਦੂਰੋਂ ਦੁਰਾਡਿਉਂ ਦੇਸ਼-ਵਿਦੇਸ਼ ਤੋਂ ਆਈਆਂ ਸੰਗਤਾਂ ਤੇ ਹਰ ਰੋਜ਼ ਦੇ ਨੇਮੀ ਪ੍ਰੇਮੀ ਸ਼ਹਿਰ ਦੀ ਸੰਗਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦੇ ਉੱਚ ਅਧਿਕਾਰੀ ਇਹ ਸਾਰੇ ਪ੍ਰੇਮੀ ਸਮੂੰਹ ਸੰਗਤ ਸਤਿਕਾਰ ਸਹਿਤ ਵਾਰੀ-ਵਾਰੀ ਪਾਲਕੀ ਸਾਹਿਬ ਨੂੰ ਮੋਢਾ ਦੇ ਕੇ ਸਤਿਕਾਰ ਸਹਿਤ ਨਾਲ ਚਲਦੇ ਹਨ। ਪਾਲਕੀ ਸਾਹਿਬ ਦੇ ਅੱਗੇ-ਅੱਗੇ ਨਰਸਿੰਘਾ ਵਜਦਾ ਹੈ ਤੇ ਪਾਲਕੀ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੈ ਕੇ ਸਤਿਕਾਰ ਸਹਿਤ 15 ਮਿੰਟਾਂ ਵਿੱਚ ਸ੍ਰੀ ਹਰਿਮੰਦਰ ਸਾਹਿਬ ਤੱਕ

ਪੁੱਜਦੀ ਹੈ।

ਸ੍ਰੀ ਹਰਿਮੰਦਰ ਸਾਹਿਬ ਅੰਦਰ ਗੁਰੂ ਕਾ ਕੀਰਤਨੀ ਰਾਗੀ ਜੱਥਾ ਇਸ ਸਮੇਂ '**ਦਰਸਨੁ ਦੇਖਿ ਜੀਵਾ ਗੁਰ ਤੇਰਾ...**' ਆਦਿਕ ਦਰਸ਼ਨਾਂ ਪ੍ਰਤੀ ਬੇਨਤੀ ਰੂਪ ਸ਼ਬਦ ਦੀ ਟੇਕ ਰੱਖ ਕੇ ਬੜੇ ਪ੍ਰੇਮ ਨਾਲ ਕੀਰਤਨ ਕਰ ਰਹੇ ਹੁੰਦੇ ਹਨ। ਪਾਲਕੀ ਸਾਹਿਬ ਦੇ ਆਉਣ ਤੇ ਕੀਰਤਨ ਬੰਦ ਹੋ ਜਾਂਦਾ ਹੈ ਅਤੇ ਸੰਗਤ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹੱਥ ਜੋੜ ਕੇ ਖੜ੍ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਦੀ ਉਡੀਕ ਵਿੱਚ ਸਤਿਨਾਮੁ ਸ੍ਰੀ ਵਾਹਿਗੁਰੂ ਸਾਹਿਬ ਜੀ ਦਾ ਜਾਪ ਕਰ ਰਹੀ ਹੁੰਦੀ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰੋਂ ਸਿੰਘ ਸਾਹਿਬ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਆਪਣੇ ਸੀਸ ਉੱਪਰ ਲੈ ਕੇ ਤੇ ਚੌਰ ਬਰਦਾਰ ਚੌਰ ਕਰਦਿਆਂ, ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਲਿਜਾ ਕੇ ਮੰਜੀ ਸਾਹਿਬ ਦੇ ਉੱਪਰ ਪਾਵਨ ਸਰੂਪ ਨੂੰ ਸੁਸ਼ੋਭਿਤ ਕਰਦੇ ਹਨ। ਇਸ ਸਮੇਂ ਸਵੱਈਏ ਪੜ੍ਹਨ ਵਾਲੇ ਪ੍ਰੇਮੀ ਵਾਰੀ-ਵਾਰੀ ਸਵੱਈਏ ਪੜ੍ਹਦੇ ਹਨ ਅਤੇ ਸਿੰਘ ਸਾਹਿਬ ਜੀ ਅਤਰ ਲੱਗੀ ਰੂੰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖ ਆਸਣ ਵਾਲੇ ਰੁਮਾਲਿਆਂ ਦੀ ਸੇਵਾ ਕਰਦੇ ਹਨ ਤੇ ਚੌਰ ਬਰਦਾਰ ਖਲੋ ਕੇ ਚੌਰ ਕਰਦਾ ਹੈ। ਇਹ ਸਮਾਂ ਪ੍ਰੇਮੀਆਂ ਦੇ ਸਵੱਈਏ ਪੜ੍ਹਨ ਤੇ ਅਤਰ ਲੱਗੀ ਰੂੰ ਨਾਲ ਰੁਮਾਲਿਆਂ ਦੇ ਸੇਵਾ ਕਰਨ ਦਾ 15 ਮਿੰਟ ਦਾ ਹੈ। ਸੁਖ ਆਸਣ ਦੇ ਰੁਮਾਲਿਆਂ ਦੀ ਸੇਵਾ ਹੋਣ ਤੇ ਪ੍ਰੇਮੀ ਸਿੰਘ ਅਤੇ ਸਾਰੀ ਸੰਗਤ ਮਿਲ ਕੇ ਪੜ੍ਹਦੀ ਹੈ:

***ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ॥***
***ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ ॥***

*(ਅੰਗ ੧੪੦੬)*

ਇਹ ਸਾਰਾ ਸਵੱਈਆ ਪੜ੍ਹ ਕੇ ਫੇਰ ਸਿੰਘ ਸਾਹਿਬ ਤੇ ਸਾਰੀ ਸੰਗਤ ਮਿਲ ਕੇ ਪੜ੍ਹਦੇ ਹਨ:

***ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥***
***ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥੧੦॥***

*(ਅੰਗ ੧੩੯੨)*

ਇਹ ਪੰਗਤੀ ਪੜ੍ਹਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ ਤੇ ਨਾਲ ਹੀ ਮਿਲ ਕੇ ਪੜ੍ਹਦੇ ਰਹਿੰਦੇ ਹਨ:

***ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥***
***ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥***

*(ਅੰਗ ੯੬੭)*

***ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥***
***ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ ॥੨੨॥***

*(ਅੰਗ ੧੪੨੬)*

ਇਸ ਉਪਰੰਤ ਸਿੰਘ ਸਾਹਿਬ ਜੀ ਹੁਕਮਨਾਮਾ ਲੈਂਦੇ ਹਨ ਅਤੇ ਸਾਰੀ ਸੰਗਤ ਬੜੇ ਪ੍ਰੇਮ ਨਾਲ ਹੁਕਮਨਾਮਾ ਬੈਠ ਕੇ ਸੁਣਦੀ ਹੈ।

## ਸੱਚਖੰਡ ਅੰਦਰ ਬਾਰਹ ਮਾਹਾ ਦਾ ਪਾਠ :

ਸੰਗਰਾਂਦ ਵਾਲੇ ਦਿਨ ਅੰਮ੍ਰਿਤ ਵੇਲੇ ਸਿੰਘ ਸਾਹਿਬ ਜੀ ਜਿਸ ਸਮੇਂ ਪਹਿਲਾ ਹੁਕਮਨਾਮਾ ਲੈਂਦੇ ਹਨ, ਉਹ ਪਹਿਲੇ ਹੁਕਮਨਾਮੇ ਦੀ ਸਮਾਪਤੀ ਕਰਕੇ ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਬੁਲਾ ਕੇ ਫਿਰ ਹੁਕਮਨਾਮੇ ਦੀਆਂ ਪਹਿਲੀਆਂ ਪੰਗਤੀਆਂ ਪੜ੍ਹ ਕੇ ਇਸ ਉਪਰੰਤ ਸੰਖੇਪ ਮੰਗਲ ਕਰਦਿਆਂ ਬਾਰਹ ਮਾਹਾ ਕੱਢ ਲਿਆ ਜਾਂਦਾ ਹੈ ਅਤੇ ਫਿਰ ਮਹੀਨੇ ਨਾਲ ਸੰਬੰਧਿਤ ਬਾਰਹ ਮਾਹਾ ਦਾ ਸ਼ਬਦ ਹੁਕਮਨਾਮੇ ਦੇ ਰੂਪ ਵਿੱਚ ਹੀ ਸੰਗਤ ਨੂੰ ਸਿੰਘ ਸਾਹਿਬ ਜੀ ਸਰਵਣ ਕਰਾਉਂਦੇ ਹਨ। ਚੇਤ ਦੀ ਸੰਗਰਾਂਦ ਨੂੰ

***ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥***

ਤੋਂ ਲੈ ਕੇ-

***ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥***

*(ਅੰਗ ੧੩੩)*

ਇੱਥੋਂ ਤੱਕ ਦੋ ਪਉੜੀਆਂ ਦਾ ਪਾਠ ਹੁਕਮਨਾਮੇ ਦੇ ਰੂਪ ਵਿੱਚ ਸੁਣਾਇਆ ਜਾਂਦਾ ਹੈ। ਫੱਗਣ ਦੇ ਮਹੀਨੇ ਦੀ ਸੰਗਰਾਂਦ ਵਾਲੇ ਦਿਨ-

***ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥***

ਤੋਂ ਲੈ ਕੇ-

***ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥***

***(ਅੰਗ ੧੩੬)***

ਇੱਥੋਂ ਤੱਕ ਹੁਕਮਨਾਮੇ ਦੇ ਰੂਪ ਵਿੱਚ ਦੋ ਪਉੜੀਆਂ ਪੜ੍ਹੀਆਂ ਜਾਂਦੀਆਂ ਹਨ। ਬਾਕੀ ਹਰ ਮਹੀਨੇ ਦੀ ਸੰਗਰਾਂਦ ਨੂੰ ਇੱਕ-ਇੱਕ ਪਉੜੀ ਦਾ ਹੀ ਪਾਠ ਕੀਤਾ ਜਾਂਦਾ ਹੈ। ਹਰਿਮੰਦਰ ਸਾਹਿਬ ਅੰਦਰ ਹਰ ਰੋਜ਼ ਦਿਨ ਵਿੱਚ ਚਾਰ ਹੁਕਮਨਾਮੇ ਲਏ ਜਾਂਦੇ ਹਨ- ਇੱਕ ਪ੍ਰਕਾਸ਼ ਕਰਨ ਸਮੇਂ, ਦੂਜਾ ਆਸਾ ਜੀ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਮਗਰੋਂ, ਤੀਜਾ ਸ਼ਾਮ ਨੂੰ ਸੋ ਦਰ ਰਹਰਾਸਿ ਸਾਹਿਬ ਦੇ ਪਾਠ ਉਪਰੰਤ ਅਤੇ ਚੌਥਾ ਹੁਕਮਨਾਮਾ ਸਮਾਪਤੀ ਸਮੇਂ ਰਾਤ ਨੂੰ ਲਿਆ ਜਾਂਦਾ ਹੈ।

ਸੰਗਰਾਂਦ ਵਾਲੇ ਦਿਨ ਚਾਰੇ ਹੁਕਮਨਾਮਿਆਂ ਦੇ ਨਾਲ ਮਹੀਨੇ ਨਾਲ ਸੰਬੰਧਿਤ ਬਾਰਹ ਮਾਹਾ ਦਾ ਸ਼ਬਦ ਪੜ੍ਹ ਕੇ ਸੁਣਾਇਆ ਜਾਂਦਾ ਹੈ।

## ਸੱਚਖੰਡ ਅੰਦਰ ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕੀਤੇ ਜਾਂਦੇ ਹਨ

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਬਹੁਤ ਪੁਰਾਤਨ ਸਮੇਂ ਤੋਂ ਲੈ ਕੇ ਹੁਣ ਵਰਤਮਾਨ ਸਮੇਂ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਜਿਨ੍ਹਾਂ-ਜਿਨ੍ਹਾਂ ਸਰੂਪਾਂ ਦਾ ਪ੍ਰਕਾਸ਼ ਕੀਤਾ ਜਾ ਰਿਹਾ ਹੈ, ਉਹ ਵਿਸ਼ੇਸ਼ ਰੂਪ ਵਿੱਚ ਤਿੰਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਨ। ਇਹ ਤਿੰਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਸ-ਕਿਸ ਸਮੇਂ ਪ੍ਰਕਾਸ਼ ਹੋਇ ਜਾਂ ਹੁੰਦੇ ਹਨ? ਇਹ ਨਿਰਣਾ ਅੱਗੇ ਕਰ ਰਹੇ ਹਾਂ। ਸਭ ਤੋਂ ਪਹਿਲਾਂ ਸੁਨਹਿਰੀ ਜਿਲਦ ਵਾਲੇ ਸਰੂਪ ਦਾ ਨਿਰਣਾ ਇਸ ਪ੍ਰਕਾਰ ਹੈ:

1) ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਵਿਸ਼ੇਸ਼ ਗੁਰਪੁਰਬਾਂ ਵਾਲੇ ਦਿਨ, ਜਿਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਪ੍ਰਕਾਸ਼ ਗੁਰਪੁਰਬ ਤੇ ਹੋਰ ਪ੍ਰਕਾਸ਼ ਗੁਰਪੁਰਬਾਂ ਸਮੇਂ ਜਿਸ ਦਿਨ ਸ੍ਰੀ ਹਰਿਮੰਦਰ ਸਾਹਿਬ ਅੰਦਰ ਜਲੌ ਵੀ ਸਜਾਇਆ ਜਾਂਦਾ ਹੈ, ਇਸ ਦਿਨ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਕਰ ਕਮਲਾਂ ਨਾਲ ਲਿਖੇ ਪਾਵਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਅਤੇ ਹੁਕਮਨਾਮਾ ਲਿਆ ਜਾਂਦਾ ਹੈ। ਇਸ ਪਾਵਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਉੱਪਰ ਸੋਨਾ ਲੱਗਿਆ ਹੋਇਆ ਹੈ। ਸਾਰੀ ਜਿਲਦ ਸੋਨੇ ਨਾਲ ਮੜ੍ਹੀ ਹੋਈ ਹੈ, ਇਸ ਕਰਕੇ ਸਰੂਪ ਚੁੱਕਣ ਵਿੱਚ ਭਾਰੀ ਲੱਗਦਾ ਹੈ। ਸੋਨੇ ਦੀ ਜਿਲਦ ਹੋਣ ਕਰਕੇ ਇਸ ਨੂੰ ਸੁਨਹਿਰੀ ਸਰੂਪ ਕਿਹਾ ਜਾਂਦਾ ਹੈ। ਇਸ ਸੋਨੇ ਦੀ ਜਿਲਦ ਉੱਪਰ ਸੁਨਹਿਰੀ ਅੱਖਰਾਂ ਵਿੱਚ ਇਸ ਤਰ੍ਹਾਂ ਲਿਖਿਆ ਹੋਇਆ ਹੈ:

"ਇਹ ਬੀੜ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ, ਦਮਦਮਾ ਸਾਹਿਬ ਵਿਖੇ, ਸੰਮਤ ਬਿ: 1783 ਨੂੰ ਲਿਖੀ॥"

ਜਿਲਦ ਦੇ ਅੰਦਰਲੇ ਪਾਸੇ ਸੁਨਹਿਰੀ ਅੱਖਰਾਂ ਵਿੱਚ ਹੋਰ ਇਸ ਤਰ੍ਹਾਂ ਵੀ ਲਿਖਿਆ ਹੈ: "ਦਵਾਰਾ ਸੇਵਾ ਹੋਈ 1 ਵੈਸਾਖ ਸੰਮਤ 1988, ਇਸ ਪਾਵਨ ਸਰੂਪ ਦੇ ਕੁੱਲ ਪੱਕੇ ਪੱਤਰੇ ਲਿਖੇ ਹਨ 741 ਤੇ ਰਾਗੁ ਮਾਲਾ ਸਮਾਪਤ ਹੁੰਦੀ ਹੈ। ਇਸ ਸਰੂਪ ਤੇ ਬਾਰਹ ਮਾਹਾ ਮਾਂਝ ਰਾਗੁ ਦਾ 67 ਤੋਂ ਸ਼ੁਰੂ ਹੋ ਕੇ 68 ਤੇ ਸਮਾਪਤ ਹੁੰਦਾ ਹੈ। ਸੰਗਰਾਂਦ ਵਾਲੇ ਦਿਨ ਹੁਕਮਨਾਮੇ ਉਪਰੰਤ ਮਹੀਨੇ ਨਾਲ ਸੰਬੰਧਿਤ ਬਾਰਹ ਮਾਹਾ ਦਾ ਸ਼ਬਦ ਹੁਕਮਨਾਮੇ ਦੇ ਰੂਪ ਵਿੱਚ ਹੀ ਸੰਗਤ ਨੂੰ ਸੁਣਾਇਆ ਜਾਂਦਾ ਹੈ। ਮਿਤੀ 1-9-

2009 ਨੂੰ ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਸ ਸੰਬੰਧ ਵਿੱਚ ਟਾਈਮ 10 ਤੋਂ 12 ਵਜੇ ਤੱਕ ਜਲੌ ਸਜਾਇਆ ਗਿਆ ਅਤੇ ਸੁਨਹਿਰੀ ਜਿਲਦ ਵਾਲਾ ਪਾਵਨ ਸਰੂਪ ਪ੍ਰਕਾਸ਼ ਹੋਇਆ ਅਤੇ ਪਵਿੱਤਰ ਹੁਕਮਨਾਮਾ ਆਇਆ:

*ਸਲੋਕ ॥*
*ਤਿਅਕਤ ਜਲੰ ਨਹ ਜੀਵ ਮੀਨੰ*
*ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ ॥*
*ਬਾਣ ਬੇਧੰਚ ਕੁਰੰਕ ਨਾਦੰ*
*ਅਲਿ ਬੰਧਨ ਕੁਸਮ ਬਾਸਨਹ ॥*
*ਚਰਨ ਕਮਲ ਰਚੰਤਿ ਸੰਤਹ*
*ਨਾਨਕ ਆਨ ਨ ਰੁਚਤੇ ॥੧॥*
*ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ ॥*
*ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ ॥੨॥*
*ਪਉੜੀ ॥ ਜਿਉ ਮਛੁਲੀ ਬਿਨੁ ਪਾਣੀਐ*
*ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥੧੨॥*
*(ਅੰਗ ੭੦੮)*

ਇਹ ਪਹਿਲਾ ਹੁਕਮਨਾਮਾ ਲਿਆ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਜੀ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ।

2) ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਜਿਹੜਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਰ ਰੋਜ਼ ਪ੍ਰਕਾਸ਼ ਕੀਤਾ ਜਾਂਦਾ ਸੀ, ਉਹ ਤਕਰੀਬਨ ਅੱਧੀ ਸਦੀ ਤੋਂ ਵੱਧ ਸਮਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਹੁੰਦਾ ਰਿਹਾ ਹੈ। ਇਸ ਪਾਵਨ ਸਰੂਪ ਦੇ ਕੁਲ ਪੱਕੇ ਪੱਤਰੇ ਹੀ ਲਿਖੇ ਹਨ ਜੋ 471 ’ਤੇ ਰਾਗੁ ਮਾਲਾ ਸ਼ੁਰੂ ਹੁੰਦੀ ਹੈ ਤੇ ਦੂਜੇ ਪਾਸੇ ਰਾਗੁ ਮਾਲਾ ਸਮਾਪਤ ਹੁੰਦੀ ਹੈ। ਇਹ ਪਾਵਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਨ 1984 ਵਿੱਚ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਸੀ, ਜਿਸ ਸਮੇਂ 4 ਜੂਨ 1984 ਨੂੰ ਸਵੇਰੇ ਚਾਰ ਵੱਜ ਕੇ 45 ਮਿੰਟ ’ਤੇ ਭਾਰਤ ਦੀ ਸਰਕਾਰ ਨੇ ਭਾਰਤੀ ਫੌਜ ਰਾਹੀਂ ਟੈਂਕਾਂ ਨਾਲ ਤੋਪਾਂ ਦੇ ਗੋਲਿਆਂ ਨਾਲ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਮਲਾ ਕੀਤਾ ਸੀ। 4 ਜੂਨ ਦੀ ਸਵੇਰ ਤੋਂ ਸ਼ੁਰੂ ਹੋਇਆ ਹਮਲਾ 6 ਜੂਨ ਤੱਕ ਲਗਾਤਾਰ ਧੂੰਆਂਧਾਰ ਗੋਲੇ ਵਰ੍ਹਦੇ ਵਿੱਚ ਜਾਰੀ ਰਿਹਾ। ਹਰ ਪਾਸਿਓਂ ਗੋਲੀਆਂ, ਗੋਲਿਆਂ, ਬੰਬਾਂ, ਜ਼ਹਿਰੀਲੀਆਂ ਗੈਸਾਂ ਦਾ ਮੀਂਹ ਵਰ੍ਹ ਰਿਹਾ ਸੀ। ਇਸ ਅੰਧਾ ਧੁੰਧ ਹਰ ਪਾਸਿਓਂ ਆ ਰਹੇ ਗੋਲਿਆਂ ਨੇ ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ ਸੀ, ਉੱਥੇ ਇਸ ਪਾਵਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੀ ਗੋਲੀਆਂ ਨਾਲ ਵਿੰਨ੍ਹ ਦਿੱਤਾ ਸੀ। ਗੋਲੀ ਆਦਿ ਜਿਲਦ ਤੋਂ ਲੈ ਕੇ ਪੱਕੇ ਪੱਤਰੇ ਲਿਖੇ 89 ਤੱਕ ਸ੍ਰੀ ਸੁਖਮਨੀ ਸਾਹਿਬ ਜੀ ਦੀ 13ਵੀਂ ਅਸਟਪਦੀ ਤੱਕ ਲੱਗੀ ਹੈ। ਇਹ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ, ਕੋਠਾ ਸਾਹਿਬ ਵਿਖੇ ਸੁਸ਼ੋਭਿਤ ਹੈ। ਇਸ ਸਰੂਪ ਦੀ ਹੱਥ ਲਿਖਤ ਲਿਖਾਈ ਬਹੁਤ ਸੁੰਦਰ ਹੈ।

5-6 ਜੂਨ 1984 ਨੂੰ ਸੱਚਖੰਡ ਸ੍ਰੀ ਹਰਿਮੰਦਰ ਤੇ ਅਕਾਲ ਤਖ਼ਤ ਸਾਹਿਬ ਦੇ ਉੱਪਰ ਤੋਪਾਂ ਦੇ ਗੋਲਿਆਂ ਨਾਲ ਹਮਲਾ ਕੀਤਾ ਗਿਆ। ਇਸ ਹਮਲੇ ਨੂੰ ‘ਨੀਲਾ ਤਾਰਾ ਸੈਨਿਕ ਕਾਰਵਾਈ’ ਨਾਮ ਦਿੱਤਾ ਗਿਆ। ਜਿਸ ਦਾ ਭਾਵ ਹੈ ਕਿ ਨੀਲੇ ਦਸਤਾਰੇ ਸਜਾਉਣ ਵਾਲੇ ਅਕਾਲੀਆਂ ਨੂੰ ਖਤਮ ਕਰਨਾ। “ਸਿੱਖ ਪੰਥ ਵਿਸ਼ਵ ਕੋਸ਼” ਦੇ ਲੇਖਕ ਨੇ ਲਿਖਿਆ ਹੈ “ਨੀਲਾ ਤਾਰਾ ਸੈਨਿਕ ਕਾਰਵਾਈ” ਵਿਸ਼ਵ ਭਰ ਦੇ ਸਿੱਖਾਂ ਲਈ ਵੀਹਵੀਂ ਸਦੀ ਦੇ ਅੰਤ ਵਿੱਚ

ਵਾਪਰਿਆ ਸਭ ਤੋਂ ਵੱਡਾ ਦੁਖਾਂਤ ਹੈ, ਜਿਸ ਨੂੰ ਨੀਲਾ ਤਾਰਾ ਸੈਨਿਕ ਕਾਰਵਾਈ ਇਸ ਲਈ ਕਿਹਾ ਗਿਆ ਹੈ ਕਿਉਂਕਿ ਇਸ ਦਾ ਮੁੱਖ ਉਦੇਸ਼ ਨੀਲੇ ਦਸਤਾਰ ਸਜਾਉਣ ਵਾਲੇ ਅਕਾਲੀਆਂ ਨੂੰ ਸੋਧਣਾ ਸੀ। ਇਸ ਸਾਕੇ ਨਾਲ ਵਿਸ਼ਵ ਭਰ ਦੇ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ। ਸਿੱਖ-ਮਾਨਸਿਕਤਾ ਬੁਰੀ ਤਰ੍ਹਾਂ ਘਾਇਲ ਹੋ ਗਈ। (ਸਿੱਖ ਪੰਥ ਵਿਸ਼ਵ ਕੋਸ਼, ਭਾਗ ਦੂਜਾ)

3) 6 ਜੂਨ 1984 ਤੋਂ ਮਗਰੋਂ ਇਸ ਸਮੇਂ ਜੋ ਪਾਵਨ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਹਰਿਮੰਦਰ ਸਾਹਿਬ ਅੰਦਰ ਹਰ ਰੋਜ਼ ਪ੍ਰਕਾਸ਼ ਕੀਤਾ ਜਾਂਦਾ ਹੈ, ਇਹ ਸਰੂਪ 1984 ਵਿੱਚ ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੇ ਡੇਰਾ ਬ੍ਰਹਮ ਬੂਟਾ (ਸ੍ਰੀ ਅੰਮ੍ਰਿਤਸਰ) ਤੋਂ ਲਿਆ ਕੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਉਸ ਸਮੇਂ ਪ੍ਰਕਾਸ਼ ਕੀਤਾ, ਜਿਸ ਸਮੇਂ ਪਹਿਲੇ ਸਰੂਪ ਨੂੰ ਸ੍ਰੀ ਅਕਾਲ ਤਖ਼ਤ ਤੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਹੋਇ ਹਮਲੇ ਵਿੱਚ ਗੋਲੀ ਲੱਗੀ ਸੀ। ਇਹ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 1984 ਤੋਂ ਲੈ ਕੇ ਮਿਤੀ 2-9-2009 ਤੱਕ ਲਗਾਤਾਰ ਸ੍ਰੀ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਹੁੰਦਾ ਆ ਰਿਹਾ ਹੈ। ਇਸ ਸਰੂਪ ਦੇ ਕੁੱਲ ਅੰਗ 1701 ਲਿਖੇ ਹਨ। ਪਹਿਲੇ ਦੋ ਸਰੂਪ ਜਿਨ੍ਹਾਂ ਦਾ ਜ਼ਿਕਰ ਪਹਿਲਾਂ ਕੀਤਾ ਗਿਆ ਹੈ, ਉਨ੍ਹਾਂ ਦੇ ਪੱਕੇ ਪੱਤਰੇ ਲਿਖੇ ਹਨ ਭਾਵ ਇੱਕ-ਇੱਕ ਅੰਗ ਛੱਡ ਕੇ ਲਿਖਿਆ ਗਿਆ ਹੈ। ਜੋ ਸਰੂਪ ਸ੍ਰੀ ਹਰਿਮੰਦਰ ਸਾਹਿਬ ਅੰਦਰ ਹੁਣ ਪ੍ਰਕਾਸ਼ ਹੈ, ਇਸ ਦੇ 161 ਅੰਗ ਤੋਂ ਬਾਰਹ ਮਾਹਾ ਸ਼ੁਰੂ ਹੁੰਦਾ ਹੈ ਅਤੇ 165 'ਤੇ ਸਮਾਪਤ ਹੁੰਦਾ ਹੈ। ਇਹ ਪਾਵਨ ਸਰੂਪ ਬਹੁਤ ਸ਼ੁੱਧ ਹੈ ਪਰ ਬਹੁਤ ਪੁਰਾਣਾ ਬਿਰਧ ਹੈ। ਇਸ ਦੇ ਬਹੁਤ ਸਾਰੇ ਅੰਗਾਂ ਉੱਪਰ ਚੇਪੀਆਂ ਲੱਗੀਆਂ ਹੋਈਆਂ ਹਨ। ਇੱਥੋਂ ਤੱਕ ਸ੍ਰੀ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਕੀਤੇ ਜਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸਰੂਪਾਂ ਬਾਰੇ ਦੱਸਿਆ ਗਿਆ ਹੈ।

ਇਨ੍ਹਾਂ ਤਿੰਨਾਂ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੇ ਅੰਗਾਂ ਦੀ ਗਿਣਤੀ ਵੱਖ-ਵੱਖ ਹੈ:

1) ਸੁਨਹਿਰੀ ਜਿਲਦ ਵਾਲਾ ਸਰੂਪ, ਇਸ ਦੇ ਪੱਕੇ ਪੱਤਰੇ ਹੀ ਲਿਖੇ ਹਨ। ਪੱਕੇ ਪੱਤਰੇ 741 ਹਨ, ਜਿਸ ਦੇ 1482 ਅੰਗ ਬਣਦੇ ਹਨ।

2) ਸੰਨ 1984 ਵਿੱਚ ਜਿਸ ਸਰੂਪ ਦੇ ਗੋਲੀ ਲੱਗੀ ਹੈ, ਇਸ ਦੇ ਵੀ ਪੱਕੇ ਪੱਤਰੇ ਹੀ ਲਿਖੇ ਹਨ। ਪੱਕੇ ਪੱਤਰੇ 471 ਹਨ, ਜਿਸ ਦੇ 942 ਅੰਗ ਬਣਦੇ ਹਨ। ਇਹ ਸਰੂਪ ਚੌੜਾ ਜ਼ਿਆਦਾ ਹੈ, ਇਸ ਕਰਕੇ ਇਸ ਦੇ ਅੰਗ ਘੱਟ ਹਨ।

3) ਜਿਹੜਾ ਸਰੂਪ ਜੁਲਾਈ 1984 ਤੋਂ ਲੈ ਕੇ ਹੁਣ ਤੱਕ ਸੱਚਖੰਡ ਅੰਦਰ ਪ੍ਰਕਾਸ਼ ਕੀਤਾ ਜਾ ਰਿਹਾ ਹੈ, ਇਸ ਸਰੂਪ ਦੇ ਅੰਗ ਲਿਖੇ ਹੋਇ ਹਨ, ਕੁੱਲ ਅੰਗ 1701। ਕਈ ਪ੍ਰੇਮੀ ਹੁਕਮਨਾਮਾ ਸੁਣ ਕੇ ਸ਼ੰਕਾ ਕਰਦੇ ਹਨ ਕਿ ਸਿੰਘ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਅੰਦਰ ਹੁਕਮਨਾਮਾ ਸਿੱਖ ਰਹਿਤ ਮਰਯਾਦਾ ਅਨੁਸਾਰ ਨਹੀਂ ਲੈਂਦੇ। ਇਹ ਸ਼ੰਕਾ ਕਰਨੀ ਪ੍ਰੇਮੀ ਜਨਾਂ ਦੀ ਗਲਤ ਹੈ ਕਿਉਂਕਿ ਸੱਚਖੰਡ ਅੰਦਰ ਪ੍ਰਕਾਸ਼ ਜੋ ਸਰੂਪ ਹੈ, ਉਸ ਦੇ ਅੰਗ 1701 ਅਤੇ ਬਾਕੀ ਜਿਨ੍ਹਾਂ ਸਰੂਪਾਂ ਦਾ ਜ਼ਿਕਰ ਕੀਤਾ ਹੈ, ਜੋ ਸੱਚਖੰਡ ਅੰਦਰ ਪ੍ਰਕਾਸ਼ ਕੀਤੇ ਜਾਂਦੇ ਹਨ, ਇਨ੍ਹਾਂ ਸਾਰੇ ਸਰੂਪਾਂ ਦੇ ਅੰਗ 1430 ਹਨ, ਇਸ ਕਰਕੇ ਹੁਕਮਨਾਮੇ ਆਪਸ ਵਿੱਚ ਮਿਲਦੇ ਨਹੀਂ ਹਨ, ਅੱਗੋ ਪਿੱਛੋਂ ਆਉਂਦੇ ਹਨ। ਸਿੰਘ ਸਾਹਿਬ ਸਾਰੇ ਹੀ ਸਿੱਖ ਰਹਿਤ ਮਰਯਾਦਾ ਅਨੁਸਾਰ ਹੁਕਮਨਾਮਾ ਲੈਂਦੇ ਹਨ।

4) ਮਿਤੀ 26-2-2010 ਤੋਂ ਇੱਕ ਬਹੁਤ ਪੁਰਾਣਾ ਹੱਥ ਲਿਖਤ ਸਰੂਪ ਸ੍ਰੀ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਕੀਤਾ ਗਿਆ ਹੈ, ਜਿਸ ਦੇ ਪੱਕੇ ਪੱਤਰੇ ਕੁੱਲ 751 ਲਿਖੇ ਹਨ। ਇਸ ਦੀ ਲਿਖਾਈ ਬਹੁਤ ਸੁੰਦਰ ਹੈ। ਇਸ ਵਿੱਚ ਬਾਰਹ ਮਾਹਾ 68 ਅੰਗ 'ਤੇ ਹੈ।



# ਮਣੀ ਗਵਾਚਿਆ ਸੱਪ...

—ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ
(ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ)

***ੴ ਸਤਿਗੁਰ ਪ੍ਰਸਾਦਿ ॥***
***ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥***

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਲਾਹੌਰ ਗਏ ਤਾਂ ਅੰਮ੍ਰਿਤ ਵੇਲੇ ਗਊਆਂ ਕਤਲ ਹੁੰਦੀਆਂ ਵੇਖ ਕੇ ਫ਼ਰਮਾਇਆ :

***ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ॥੨੭॥***
***(ਅੰਗ ੧੪੧੨)***

ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਜਦ ਅੰਮ੍ਰਿਤਸਰ ਦੀ ਮੋਹਰੀ ਗੱਡੀ ਤਾਂ ਫ਼ਰਮਾਇਆ :

***ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ ॥੨੮॥***
***(ਅੰਗ ੧੪੧੨)***

ਭਾਵ ਲਾਹੌਰ ਇਕ ਸ਼ਹਿਰ ਹੈ ਪਰ ਅੰਮ੍ਰਿਤਸਰ ਪ੍ਰਭੂ ਦੀ ਸਿਫਤਿ ਸਾਲਾਹ ਦਾ ਅਸਥਾਨ ਹੈ।

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਚਨ ਹਨ :

***ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥***
***ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥***
***ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥***
***ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥੧੦॥***
***(ਅੰਗ ੧੩੬੨)***

ਪੰਜਵੇਂ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਅਸੀਂ ਸਾਰੇ ਤ੍ਰਿਲੋਕੀ ਦੇ ਥਾਂ ਵੇਖੇ ਹੋਏ ਹਨ। ਤੇਰੇ ਇਸ ਅਸਥਾਨ ਵਰਗਾ ਹੋਰ ਕੋਈ ਮਹਾਨ ਅਸਥਾਨ ਨਹੀਂ ਹੈ ਕਿਉਂਕਿ ਇਸਨੂੰ ਸਿਰਜਣਹਾਰ ਪ੍ਰਭੂ ਨੇ ਆਪ ਬਣਾਇਆ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਜ਼ਿਕਰ ਹੈ ਕਿ ਜਦੋਂ ਸੇਵਾ ਚੱਲ ਰਹੀ ਸੀ ਪਰਮੇਸ਼ਰ ਨੇ ਆਪ ਆ ਕੇ ਸੇਵਾ ਕੀਤੀ ਅਤੇ ਹਰਿ ਕੀ ਪੌੜੀ ਵਾਲੀ ਥਾਂ ਤੇ ਸਖ਼ਤ ਪੱਥਰ ਨੂੰ ਆਪ ਤੋੜਿਆ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ :

***ਸੰਤਾ ਕੇ ਕਾਰਜਿ ਆਪਿ ਖਲੋਇਆ***
***ਹਰਿ ਕੰਮੁ ਕਰਾਵਣਿ ਆਇਆ ਰਾਮ ॥***
***ਧਰਤਿ ਸੁਹਾਵੀ ਤਾਲੁ ਸੁਹਾਵਾ***
***ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥***
***(ਅੰਗ ੭੮੩)***

ਇਸ ਰਾਮਦਾਸ ਪੁਰ (ਅੰਮ੍ਰਿਤਸਰ) ਦੀ ਸੰਪਤੀ ਅਬਾਦੀ ਹੈ ਅਤੇ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਕੇ ਬਾਹਰੋਂ ਪਾਪ ਲੱਥ ਜਾਂਦੇ ਹਨ। ਜਦੋਂ ਅਸੀਂ ਸ਼ਰਧਾ ਨਾਲ ਇਸ਼ਨਾਨ ਕਰਦੇ ਹਾਂ ਤਾਂ ਮਹਿਸੂਸ ਕਰਦੇ ਹਾਂ ਕਿ ਸਾਡਾ ਤਨ ਮਨ ਹਲਕਾ ਹੋਇਆ ਹੈ।

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੇ ਹੋਏ ਅੰਮ੍ਰਿਤ ਬਚਨ ਹਨ :

***ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥***
***(ਅੰਗ ੬੨੫)***

ਅਤੇ

***ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥੨॥***
***(ਅੰਗ ੬੨੪)***

ਭਾਵ ਧੰਨ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਦੇ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਨ ਨਾਲ ਜੀਵ ਦੇ ਪਾਪ ਉਤਰ ਜਾਂਦੇ ਹਨ।

ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਅੰਮ੍ਰਿਤ ਬਚਨ ਹਨ:

***ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ***
***ਜਿਤੁ ਨਾਤੈ ਕਊਆ ਹੰਸੁ ਹੋਹੈ ॥***

***(ਅੰਗ ੪੯੩)***

ਉਥਾਨਕਾ: ਪੱਟੀ ਦੇ ਰਾਜੇ ਦੁਨੀ ਚੰਦ ਦੇ ਘਰ ਸੱਤ ਧੀਆਂ ਸਨ। ਉਹ ਆਪਣੀਆਂ ਧੀਆਂ ਨੂੰ ਪੁੱਛਦਾ ਹੈ ਕਿ ਤੁਸੀਂ ਕਿਸਦਾ ਦਿੱਤਾ ਖਾਂਦੀਆਂ ਹੋ। ਛੇ ਧੀਆਂ ਨੇ ਕਿਹਾ ਪਿਤਾ ਜੀ ਤੁਹਾਡਾ ਦਿੱਤਾ ਖਾਂਦੀਆਂ ਹਾਂ। ਸੱਤਵੀ ਧੀ ਬੀਬੀ ਰਜਨੀ ਨੇ ਕਿਹਾ ਕਿ ਮੈਂ ਉਸ ਪਰਵਦਗਾਰ ਦਾ ਦਿੱਤਾ ਖਾਂਦੀ ਹਾਂ ਜਿਹੜਾ ਜਲ ਥਲ ਨਭ ਸਭ ਥਾਂ ਤੇ ਜੀਆਂ ਨੂੰ ਰਿਜ਼ਕ ਪਹੁੰਚਾਉਂਦਾ ਹੈ ਕਿਉਂਕਿ ਬੀਬੀ ਰਜਨੀ ਨੇ ਸੰਗਤ ਵਿੱਚੋਂ ਇਹ ਬਚਨ ਸੁਣਿਆ ਸੀ :

***ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ ॥***

***(ਅੰਗ ੪੬੭)***

ਰਾਜੇ ਦੁਨੀ ਚੰਦ ਨੇ ਗੁੱਸੇ ਵਿੱਚ ਆ ਕੇ ਉਸ ਦਾ ਵਿਆਹ ਇੱਕ ਕੋੜ੍ਹੀ ਨਾਲ ਕਰ ਦਿੱਤਾ। ਜਦ ਉਹ ਭਟਕਦੀ-ਭਟਕਦੀ ਇਸ ਅਸਥਾਨ ਤੇ ਆਈ ਤਾਂ ਆਪਣੇ ਪਤੀ ਨੂੰ ਬੇਰੀ ਹੇਠਾਂ ਬਿਠਾ ਕੇ ਆਪ ਭੋਜਨ ਦਾ ਪ੍ਰਬੰਧ ਕਰਨ ਲਈ ਚਲੀ ਗਈ। ਪਿੱਛੋਂ ਬੀਬੀ ਰਜਨੀ ਦੇ ਪਤੀ ਨੇ ਦੇਖਿਆ ਕਿ ਬੇਰੀ ਹੇਠਾਂ ਜਲ ਦੇ ਸੋਮੇ ਵਿੱਚੋਂ ਕਾਲੇ ਕਾਂ ਹੰਸ ਬਣ ਕੇ ਉੱਡਦੇ ਜਾ ਰਹੇ ਹਨ ਤਾਂ ਉਸਨੇ ਵੀ ਜਲ ਵਿੱਚ ਇਸ਼ਨਾਨ ਕੀਤਾ ਤਾਂ ਉਹ ਨੌਂ ਬਰ ਨੌਂ ਹੋ ਗਿਆ। ਬੀਬੀ ਰਜਨੀ ਨੇ ਆ ਕੇ ਜਦ ਦੇਖਿਆ ਤਾਂ ਉਸਨੇ ਸ਼ੰਕਾ ਕੀਤਾ ਕਿ ਤੂੰ ਮੇਰਾ ਪਤੀ ਨਹੀਂ ਹੈ। ਉਸ ਸਮੇਂ ਧੰਨ ਸ੍ਰੀ ਗੁਰੂ ਰਾਮਦਾਸ ਜੀ ਸੰਤੋਖਸਰ ਸਾਹਿਬ ਦੀ ਸੇਵਾ ਕਰਵਾ ਰਹੇ ਸਨ। ਇਹ ਦੋਵੇਂ ਗੁਰੂ ਜੀ ਪਾਸ ਗਏ ਤਾਂ ਗੁਰੂ ਜੀ ਨੇ ਕਿਹਾ ਬੇਟੀ ਇਹ ਹੀ ਤੇਰਾ ਪਤੀ ਹੈ। ਇਹ ਅੰਮ੍ਰਿਤ ਜਲ ਦੀ ਸ਼ਕਤੀ ਦਾ ਕ੍ਰਿਸ਼ਮਾਂ ਹੈ। ਇੱਥੇ ਬੈਠ ਕੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਰਤਨ ਕੀਤਾ, ਧੰਨ ਸ੍ਰੀ ਗੁਰੂ ਅੰਗਦ ਦੇਵ ਜੀ, ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਪਾਵਨ ਚਰਨ ਪਾਏ।

ਉਸ ਸਮੇਂ ਤੋਂ ਅੰਮ੍ਰਿਤ ਸਰੋਵਰ ਵਿੱਚ ਅਨੇਕਾਂ ਦੇ ਦੁਖ ਦੂਰ ਹੁੰਦੇ ਆ ਰਹੇ ਹਨ। ਭਾਵਨਾ ਵਾਲਿਆਂ ਦੇ ਕੈਂਸਰ ਆਦਿ ਦੇ ਰੋਗ ਦੂਰ ਹੁੰਦੇ ਆ ਰਹੇ ਹਨ। ਦਾਸ ਨੇ ਦੇਖਿਆ ਇੱਕ ਨੇਤਰਹੀਣ ਨੂੰ ਇਸ਼ਨਾਨ ਕਰਕੇ ਉਸਦੀਆਂ ਅੱਖਾਂ ਠੀਕ ਹੋ ਗਈਆਂ। ਜਿਹੜੇ ਵਿਅਕਤੀ ਚੱਲ ਨਹੀਂ ਸਕਦੇ ਸਨ, ਉਨ੍ਹਾਂ ਦੇ ਸਰੀਰਾਂ ਵਿੱਚ ਚੱਲਣ ਫਿਰਨ ਦੀ ਸਮਰੱਥਾ ਆ ਗਈ।

1. ਪਿੰਡ ਬਾਲੇ ਵਾਲ (ਗੁਰਦਾਸਪੁਰ) ਸਰਪੰਚ ਦੇ ਸਪੁੱਤਰ ਦਾ ਮੂੰਹ ਦਾ ਕੈਂਸਰ ਠੀਕ ਹੋਇਆ।

2. ਇੱਕ ਕਥਾਵਾਚਕ ਦੀ ਸਰੀਰ ਦੀ ਅਪੰਗਤਾ ਠੀਕ ਹੋਈ।

3. ਵਾਸੂ ਭਾਰਦਵਾਜ ਦਾ ਕੈਂਸਰ ਠੀਕ ਹੋਇਆ।

4. ਅੰਗਰੇਜ਼ ਸਰਕਾਰ ਸਮੇਂ ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ ਹੀ ਪ੍ਰਕਾਸ਼ ਹੋਇਆ।

5. ਖਾਲਸਾ ਇੰਸਪੈਕਟਰ (ਸ਼੍ਰੋਮਣੀ ਕਮੇਟੀ) ਦੀ ਪਤਨੀ ਦੀ ਪਿੱਤੇ ਦੀ ਪੱਥਰੀ ਦੂਰ ਹੋਈ।

ਇਸ ਪ੍ਰਕਾਰ ਦੇ ਅਨੇਕਾਂ ਕੌਤਕ ਹਰ ਰੋਜ਼ ਹੀ ਇਸ ਪਾਵਨ ਅਸਥਾਨ ਤੇ ਵਾਪਰਦੇ ਰਹਿੰਦੇ ਹਨ।



## ਸਾਂਝੀਵਾਲਤਾ ਦਾ ਪ੍ਰਤੀਕ :

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ

*—ਭਾਈ ਗੁਰਇਕਬਾਲ ਸਿੰਘ*

*ਹਰਿ ਜਪੇ ਹਰਿ ਮੰਦਰੁ ਸਾਜਿਆ*
*ਸੰਤ ਭਗਤ ਗੁਣ ਗਾਵਹਿ ਰਾਮ ॥*
*ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ*
*ਸਗਲੇ ਪਾਪ ਤਜਾਵਹਿ ਰਾਮ ॥*
*(ਅੰਗ ੭੮੧)*

ਗੁਰੂ ਸਾਹਿਬ ਜੀ ਦੀ ਕਿਰਪਾ ਅਤੇ ਸੰਗਤ ਦੀ ਅਸੀਸ ਨਾਲ ਸਿਫਤਿ ਸਾਲਾਹ ਰਸਾਲੇ ਦਾ ਇਹ 150ਵਾਂ ਅੰਕ ਹੈ। ਇਹ ਅੰਕ ਸਾਂਝੀਵਾਲਤਾ ਤੇ ਨਿਮਰਤਾ ਦੇ ਪ੍ਰਤੀਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਸਮਰਪਿਤ ਕੀਤਾ ਗਿਆ ਹੈ। ਸਾਰੇ ਖੰਡਾਂ-ਬ੍ਰਹਿਮੰਡਾਂ ਵਿੱਚੋਂ ਇੱਕ ਐਸਾ ਪਾਵਨ ਤੇ ਅਲੌਕਿਕ ਅਸਥਾਨ ਜਿੱਥੇ ਹਰ ਸਮੇਂ ਅੰਮ੍ਰਿਤ ਦੀ ਵਰਖਾ ਹੁੰਦੀ ਰਹਿੰਦੀ ਹੈ। ਜਿਸ ਅਸਥਾਨ ਦਾ ਨਾਂ, ਜਿਸ ਅਸਥਾਨ ਦੀ ਸੋਚ ਦਿਮਾਗ ਵਿੱਚ ਆਉਂਦਿਆਂ ਹੀ ਸਿਮਰਨ ਦੀ ਰੌਅ ਚੱਲ ਪੈਂਦੀ ਹੈ। ਦੁਨੀਆਂ ਦੇ ਕਿਸੇ ਹਿੱਸੇ ਵਿੱਚ ਰਹਿ ਰਿਹਾ ਕੋਈ ਗੁਰੂ ਨਾਨਕ ਨਾਮ ਲੇਵਾ ਸਿੱਖ ਅੰਦਰੋਂ ਤੜਫ ਉੱਠਦਾ ਹੈ, ਜੇ ਕੁਝ ਸਮੇਂ ਤੱਕ ਇਸ ਅਸਥਾਨ ਦੇ ਦਰਸ਼ਨ ਕਰਨ ਤੇ ਇੱਥੋਂ ਦੀ ਧੂੜੀ ਮਸਤਕ ਨੂੰ ਲਗਾਉਣ ਵਾਸਤੇ ਕੁਝ ਸਮਾਂ ਨਿਕਲ ਜਾਵੇ। ਇਸ ਅਸਥਾਨ ਦੇ ਅੰਦਰ ਕਦਮ ਧਰਦਿਆਂ ਹੀ ਜਗਿਆਸੂ ਨੂੰ ਆਪਣੇ ਅੰਦਰੋਂ ਹਲਕਾ ਮਹਿਸੂਸ ਹੋਣ ਲੱਗ ਜਾਂਦਾ ਹੈ। ਇੱਥੇ ਪਾਵਨ ਸਰੋਵਰ ਵਿੱਚ ਇਸ਼ਨਾਨ ਕਰਨ ਅਤੇ ਫਿਰ ਕੁਝ ਚਿਰ ਗੁਰਬਾਣੀ ਦਾ ਰਸਭਿੰਨਾ ਕੀਰਤਨ ਸੁਣ ਕੇ ਇੰਝ ਮਹਿਸੂਸ ਹੁੰਦਾ ਹੈ ਕਿ ਜਿਵੇਂ ਕਈ-ਕਈ ਜਨਮਾਂ ਦੀ ਲੱਗੀ ਅੰਦਰੋਂ ਮੈਲ ਲੱਥ ਰਹੀ ਹੋਵੇ। ਇੱਥੇ ਆ ਕੇ ਜਗਿਆਸੂ ਨੂੰ ਅਧਿਆਤਿਮਕ ਦਾਤਾਂ ਦੀ ਵੀ ਪ੍ਰਾਪਤੀ ਹੁੰਦੀ ਹੈ ਤੇ ਇੱਕ ਆਮ ਇਨਸਾਨ ਦੀਆਂ ਦੁਨਿਆਵੀ ਬੇਨਤੀਆਂ ਵੀ ਤੁਰੰਤ ਪ੍ਰਵਾਨ ਹੁੰਦੀਆਂ ਹਨ। ਕਿਸੇ ਅੰਦਰ ਸਿਮਰਨ ਦੇ ਰਾਹ ਦੀ ਕੋਈ ਖੜ੍ਹੋਤ ਹੋਵੇ, ਇੱਥੇ ਜੁਗਤੀ ਤੇ ਮਰਿਆਦਾ ਨਾਲ ਹਾਜ਼ਰੀ ਲਗਾਉਣ ਨਾਲ ਇਹ ਰੁਕਾਵਟਾਂ ਵੀ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਕਿਰਪਾ ਦੇ ਘਰ ਵਿੱਚ ਆ ਕੇ ਸਹਿਜੇ ਹੀ ਦੂਰ ਕਰ ਦਿੰਦੇ ਹਨ ਤੇ ਨਾਲ-ਨਾਲ ਕਈ ਐਸੀਆਂ ਬਿਮਾਰੀਆਂ ਜਿਨ੍ਹਾਂ ਦੇ ਇਲਾਜ ਵਾਸਤੇ ਸਮੇਂ ਦੇ ਡਾਕਟਰਾਂ ਨੇ ਵੀ ਹੱਥ ਕਰ ਦਿੱਤੇ, ਉਨ੍ਹਾਂ ਬੀਮਾਰੀਆਂ ਨੂੰ ਵੀ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਮਿਹਰ ਕਰਕੇ ਆਪਣੇ ਚਰਨਾਂ ਵਿੱਚ ਲੈ ਕੇ ਨਵਾਂ ਨਿਰੋਆ ਕਰਕੇ ਤੋਰਦੇ ਹਨ। ਅੱਠੋ ਪਹਿਰ ਚਲਦੇ ਕੀਰਤਨ ਤੇ ਸੇਵਾ ਦੇ ਨਿਰੰਤਰ ਪ੍ਰਵਾਹ ਕਰਕੇ ਇਸ ਪਾਵਨ ਅਸਥਾਨ ਦੀ ਫਿਜ਼ਾ ਇੰਨੀ ਰੂਹਾਨੀਅਤ ਭਰਪੂਰ ਹੈ ਕਿ ਕੋਈ ਪਾਪੀ ਤੋਂ ਪਾਪੀ ਵੀ ਇੱਥੇ ਆ ਜਾਵੇ, ਉਸ ਨੂੰ ਵੀ ਆਪਣੇ ਪਾਪਾਂ ਦੀ ਪਹਿਚਾਨ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਫਿਰ ਉਹ ਗੁਰੂ ਦੀ ਕਿਰਪਾ ਨਾਲ ਉਨ੍ਹਾਂ ਪਾਪਾਂ ਤੋਂ ਮੁਕਤੀ ਪ੍ਰਾਪਤ ਕਰਨ ਲਈ ਝੋਲੀਆਂ ਅੱਡਦਾ ਹੈ। ਇਹ ਅਸਥਾਨ ਰਹਿਮਤਾਂ ਦਾ ਸਾਗਰ ਹੈ, ਬਖਸ਼ਿਸ਼ਾਂ ਦਾ ਭੰਡਾਰ ਹੈ। ਇੱਥੇ ਕਿਰਪਾਲੂ ਦਾਤਾ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੁਨੀਆਂ ਦੇ ਕਿਸੇ ਕੋਨੇ ਤੋਂ ਆਏ ਹਰ ਸਰੀਰ ਦੀ ਅਭਿਲਾਸ਼ਾ ਉਸ ਦੀ ਇੱਛਾ ਮੁਤਾਬਿਕ ਪੂਰੀ ਕਰਦੇ ਹਨ। ਇਹ ਪਾਵਨ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਸਾਡੀ ਜਾਨ ਹੈ, ਇਸ ਤੋਂ ਉੱਤੇ ਸਾਡੇ ਵਾਸਤੇ ਹੋਰ ਕੁਝ ਨਹੀਂ।

ਗੁਰੂ ਸਾਹਿਬ ਕਿਰਪਾ ਕਰਨ, ਇਸ ਅਸਥਾਨ ਦੀ ਧੂੜੀ ਮਸਤਕ ਨੂੰ ਲਗਾਉਣ ਦਾ ਸੁਭਾਗ ਸਮਾਂ ਜਲਦੀ ਤੋਂ ਜਲਦੀ ਬਖਸ਼ਦੇ ਰਹਿਣ ਤਾਂ ਕਿ ਇਸ ਪਾਵਨ ਅਸਥਾਨ ਨਾਲ ਜੁੜ ਕੇ ਅਸੀਂ ਆਪਣਾ ਲੋਕ ਸੁਖੀ ਤੇ ਪਰਲੋਕ ਸੁਹੇਲਾ ਕਰ ਸਕੀਏ।

***ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥***

# ਸ੍ਰੀ ਹਰਿਮੰਦਰ ਸਾਹਿਬ ਦੀ ਵਿਲੱਖਣ ਮਰਿਆਦਾ ਬਾਰੇ 13 ਬਚਨ

# ਮਹਾਨਤਾ ਸ੍ਰੀ ਹਰਿਮੰਦਰ ਸਾਹਿਬ

(VCD 435 ਭਾਗ-13)

## ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

—ਜਸਵਿੰਦਰ ਸਿੰਘ
(ਪਟਿਆਲਾ)

*ਸੂਹੀ ਮਹਲਾ ੫ ॥*
*ਹਰਿ ਜਪੇ ਹਰਿ ਮੰਦਰੁ ਸਾਜਿਆ*
*ਸੰਤ ਭਗਤ ਗੁਣ ਗਾਵਹਿ ਰਾਮ ॥*
*ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ*
*ਸਗਲੇ ਪਾਪ ਤਜਾਵਹਿ ਰਾਮ ॥*
*ਹਰਿ ਗੁਣ ਗਾਇ ਪਰਮ ਪਦੁ ਪਾਇਆ*
*ਪ੍ਰਭ ਕੀ ਊਤਮ ਬਾਣੀ ॥*
*ਸਹਜ ਕਥਾ ਪ੍ਰਭ ਕੀ ਅਤਿ ਮੀਠੀ*
*ਕਥੀ ਅਕਥ ਕਹਾਣੀ ॥*
*ਭਲਾ ਸੰਜੋਗੁ ਮੂਰਤੁ ਪਲੁ ਸਾਚਾ*
*ਅਬਿਚਲ ਨੀਵ ਰਖਾਈ ॥*
*ਜਨ ਨਾਨਕ ਪ੍ਰਭ ਭਏ ਦਇਆਲਾ*
*ਸਰਬ ਕਲਾ ਬਣਿ ਆਈ ॥੧॥*

*(ਅੰਗ ੭੮੧)*

ਧੰਨ ਸ੍ਰੀ ਗੁਰੂ ਰਾਮਦਾਸ ਜੀ ਤੇ ਉਨ੍ਹਾਂ ਦੇ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੇ ਪਿਆਰ ਵਿੱਚ ਸਾਰੀ ਸੰਗਤ ਗਜ ਕੇ ਆਖੋ ਜੀ ਸਤਿਨਾਮੁ ਸ੍ਰੀ ਵਾਹਿਗੁਰੂ।

ਧੰਨ ਸ੍ਰੀ ਗੁਰੂ ਰਾਮਦਾਸ ਜੀ ਇੱਕ ਤੁਹਾਡਾ ਅਸਥਾਨ ਜਿਸ ਦੇ ਸਾਰੇ ਪਾਸੇ ਵਾਈਬ੍ਰੇਸ਼ਨ ਨਾਮ ਹੀ ਨਾਮ। ਕੋਈ ਪੁੰਨਾਂ ਤੋਂ ਹੀਣਾ ਪਾਪੀ ਵੀ ਚਲਾ ਗਿਆ ਹੈ, ਤੁਹਾਡੇ ਦਰ 'ਤੇ ਜਦੋਂ ਉਹ ਸਾਹ ਲੈਂਦਾ ਹੈ, ਉਹ ਜਿਹੜੀ ਨਾਮ ਵਾਲੀ ਵਾਈਬ੍ਰੇਸ਼ਨ, ਸਾਹ ਰਾਹੀਂ ਵੀ ਉਸ ਦੇ ਅੰਦਰ ਜਾਂਦੀ ਹੈ, ਅਨੇਕਾਂ ਅੰਦਰ ਦੇ ਪਾਪ, ਅੰਦਰ ਦੀ ਮੈਲ ਉਸ ਦੀ ਘੱਟ ਜਾਂਦੀ ਹੈ। ਅੰਮ੍ਰਿਤਸਰ ਵਿੱਚ ਇੱਕ ਬਹੁਤ ਰੰਗੀ ਰੂਹ ਹੈ, ਉਸ ਨੇ ਬਚਨ ਸੁਣਾਇਆ। ਉਹ ਕਹਿੰਦੇ, ਮੇਰੇ ਕੋਲ ਇੱਕ ਸਿੱਖ ਵੀਰ ਆਇਆ। ਕਹਿਣ ਲੱਗਾ, ਮੈਂ ਬੜਾ ਦੁਖੀ ਹਾਂ। ਕੀ ਦੁਖ ਹੈ? ਉਹ ਕਹਿੰਦਾ ਹੈ, ਮੈਨੂੰ ਨਸ਼ਾ ਲੱਗ ਗਿਆ ਹੈ। ਇੱਕ ਹੈ ਸ਼ਰਾਬ ਦਾ ਨਸ਼ਾ, ਮਾਸ ਦਾ ਨਸ਼ਾ। ਅਨੇਕਾਂ ਤਰ੍ਹਾਂ ਦੇ ਹੋਰ ਨਸ਼ੇ ਹਨ ਪਰ ਬਹੁਤ ਹੀ ਮਾੜਾ ਹੈ, ਸਮੈਕ ਦਾ ਨਸ਼ਾ। ਬੜੀ ਅਜੀਬ ਗੱਲ ਲੱਗੀ ਦਾਸ ਨੂੰ। ਕਹਿੰਦਾ ਹੈ, ਘਰ ਵੀ ਤਬਾਹ ਹੋ ਰਿਹਾ ਹੈ, ਸਿਹਤ ਵੀ ਤਬਾਹ ਹੋ ਰਹੀ ਹੈ, ਆਲਾ-ਦੁਆਲਾ ਵੀ ਤਬਾਹ ਹੋ ਰਿਹਾ ਹੈ, ਮਾਇਆ ਵੀ ਤਬਾਹ ਹੋ ਰਹੀ ਹੈ। ਤੇ ਸਾਰਾ ਕੁਝ ਸੋਚ ਕੇ, ਗਿਆਨ ਹੋ ਗਿਆ ਹੈ, ਸਮੈਕ ਛੱਡ ਦੇਵਾਂ, ਨਸ਼ਾ ਛੱਡ ਦੇਵਾਂ ਪਰ ਕਹਿੰਦਾ ਹੈ ਕਿ ਅਤਿ ਦੁਖੀ ਹਾਂ, ਮੈਂ ਨਸ਼ਾ ਛੱਡਣਾ ਚਾਹੁੰਦਾ ਹਾਂ, ਨਸ਼ਾ ਮੈਨੂੰ ਨਹੀਂ ਛੱਡਦਾ। ਬੜਾ ਦੁਖ ਹੁੰਦਾ ਹੈ। ਬੰਦਾ ਨਸ਼ਾ ਛੱਡਣਾ ਚਾਹਵੇ ਤੇ ਰਿਹਾ ਨਾ ਜਾਵੇ ਨਸ਼ਾ ਕੀਤੇ ਬਿਨਾਂ। ਇਸ




***ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ***
***ਭਾਈ ਗੁਰਇਕਬਾਲ ਸਿੰਘ ਜੀ ਕੀਰਤਨ ਦੀਆਂ ਹਾਜ਼ਰੀਆਂ ਭਰਦੇ ਹੋਏ।***

ਨਸ਼ਾ ਕਰਨ ਵਾਲੇ ਨੂੰ ਉਹ ਗੁਰਮੁਖ ਕਹਿਣ ਲੱਗੇ, ਜੋ ਤੈਨੂੰ ਕਹੀਏ, ਤੂੰ ਕਰੇਂਗਾ। ਜੋ ਦੱਸੀਏ, ਫਿਰ ਕਰੇਂਗਾ। ਉਹ ਕਹਿਣ ਲੱਗਾ, ਕਰਾਂਗਾ। ਰਸਤਾ ਦੱਸਣ ਵਾਲੇ ਉਸ ਗੁਰਮੁਖ ਪਿਆਰੇ ਨੇ ਆਖਿਆ, ਨਸ਼ਾ ਛੱਡਣਾ ਔਖਾ ਹੈ ਪਰ ਇੱਕ ਰਾਹ ਹੈ, ਨਸ਼ਾ ਛੱਡਣ ਦਾ। ਉਹ ਕੀ? ਕਹਿਣ ਲੱਗੇ, ਨਸ਼ਾ ਛੱਡਣ ਦਾ ਇੱਕ ਰਾਹ ਹੈ ਕਿ ਨਸ਼ਾ ਤਬਦੀਲ ਕਰ ਲੈ। ਇਸ ਦੀ ਜਗ੍ਹਾ ਨਸ਼ਾ ਦੂਜਾ ਲਗਾ ਲੈ। ਉਹ ਪੁੱਛਣ ਲੱਗਾ ਕਿ ਫਿਰ ਕਿਹੜਾ ਨਸ਼ਾ ਲਗਾ ਲਵਾਂ? ਗੁਰਮੁਖ ਨੇ ਰਾਹ ਦਿੱਤਾ, ਤੂੰ ਚਾਲੀ ਦਿਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੇ ਜਦੋਂ ਰਾਤੀਂ ਸੁੱਕੀ ਸੇਵਾ ਹੁੰਦੀ ਹੈ, ਉਦੋਂ ਪ੍ਰਤੱਖ ਸ਼ਹੀਦਾਂ ਸਿੰਘਾਂ ਦੇ, ਪਿਤਾ ਜੀ ਦੇ ਪਹਿਰੇ ਹੁੰਦੇ ਹਨ, ਵਾਹਿਗੁਰੂ-ਵਾਹਿਗੁਰੂ ਜਪਦਿਆਂ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੂੰ ਧੰਨ ਕਹਿੰਦਿਆਂ ਸ੍ਰੀ ਦਰਬਾਰ ਸਾਹਿਬ ਸੁੱਕੀ ਸੇਵਾ ਦਾ ਨਸ਼ਾ ਲਗਾ ਲੈ। ਹੋ ਸਕਦਾ ਹੈ, ਉਹ ਨਸ਼ਾ, ਇਸ ਨਸ਼ੇ ਨੂੰ ਪਿੱਛੇ ਛੱਡ ਦੇਵੇ। ਹੋ ਸਕਦਾ ਹੈ ਉਸ ਨਸ਼ੇ ਦਾ ਤਿਆਗ ਹੋ ਜਾਵੇ, ਉਸ ਸਦਕਾ। ਇਹ ਨਸ਼ਾ ਲਗਾ ਲੈ। ਉੱਥੇ ਜਾ, ਸੁੱਕੀ ਸੇਵਾ ਕਰ। ਜਦੋਂ ਸਤਿਗੁਰੂ ਜੀ ਦਾ ਸਰੂਪ ਚਲੇ ਜਾਂਦਾ ਹੈ, ਸੁੱਖ ਆਸਣ ਲਈ ਰਾਤ ਨੂੰ ਤੇ ਗੁਰਮੁਖ ਪਿਆਰੇ ਅੰਦਰ ਸੁੱਕੀ ਸੇਵਾ ਦੀ ਹਾਜ਼ਰੀ ਲਗਾਉਂਦੇ ਹਨ। ਉਹ ਸਾਰੀ ਸੇਵਾ ਕਰਕੇ ਚਰਨ ਧੂੜੀ ਮਸਤਕ ਨੂੰ ਲਗਾ। ਵਾਹਿਗੁਰੂ-ਵਾਹਿਗੁਰੂ ਜਪਦਿਆਂ, ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਨਾਂ ਜਪਦਿਆਂ ਬੇਨਤੀ ਕਰ ਕਿ ਸੱਚੇ ਪਾਤਸ਼ਾਹ ਮੇਰਾ ਨਸ਼ਾ ਛੁਡਾ ਦਿਓ, ਨਹੀਂ ਛੱਡਿਆ ਜਾਂਦਾ

ਸਮੈਕ ਦਾ ਨਸ਼ਾ। ਇਹ ਸੱਚਾ ਨਸ਼ਾ (ਨਾਮ ਦਾ, ਸੇਵਾ ਦਾ) ਲਗਾ ਦਿਓ। ਮੇਰੇ ਵੱਸੋਂ ਬਾਹਰ ਹੈ, ਸਮੈਕ ਨੂੰ ਛੱਡਣਾ ਤੇ ਉਨ੍ਹਾਂ ਨੇ ਬਚਨ ਸੁਣਾਇਆ, ਕਿਹਾ ਤਾਂ ਚਾਲੀ ਦਿਨ ਦਾ ਸੀ, ਅੱਜ ਸੱਤ ਸਾਲ ਹੋ ਗਏ ਹਨ, ਨਸ਼ਾ ਇਹੋ ਜਿਹਾ ਉਸ ਸਿੱਖ ਨੂੰ ਲੱਗ ਗਿਆ ਹੈ ਕਿ ਕਈ ਟੁੱਟਿਆਂ ਨੂੰ ਹੋਰ ਅੱਗੋਂ ਜੋੜਨ ਵਾਲਾ ਬਣ ਗਿਆ ਹੈ।

ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੈਠ ਕੇ ਬੇਨਤੀ ਕਰ ਰਿਹਾ ਹੈ, ਹੈ ਤਾਂ ਚਰਨਾਂ ਦੀ ਧੂੜ, ਨਾ ਬਹੁਤੇ ਪੜ੍ਹੇ ਹਾਂ, ਨਾ ਕੁਝ। ਪਰ ਹਕੀਕਤ ਹੈ, ਕਈ ਸਰੀਰ ਧਰਤੀ ਤੇ ਹਨ ਜਿਹੜੇ ਨਸ਼ੇ ਨੂੰ ਛੱਡਣਾ ਚਾਹੁੰਦੇ ਹਨ ਪਰ ਜਦੋਂ ਟਾਈਮ ਹੁੰਦਾ ਹੈ, ਤਲਬ ਹੁੰਦੀ ਹੈ, ਰਿਹਾ ਹੀ ਨਹੀਂ ਜਾਂਦਾ, ਨਸ਼ਾ ਕੀਤੇ ਬਿਨਾਂ। ਇਹ ਹਕੀਕਤ ਹੈ, ਅਗਰ ਕਿਸੇ ਕੋਲੋਂ ਕੋਈ ਨਸ਼ਾ ਵੀ ਨਹੀਂ ਤਿਆਗਿਆ ਜਾਂਦਾ ਤਾਂ ਉਹ ਦੋ-ਤਿੰਨ ਮਹੀਨੇ ਦਾ ਸਮਾਂ ਕੱਢਕੇ, ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਆ ਕੇ, ਕੋਈ ਕਿਸੇ ਤਰ੍ਹਾਂ ਦੀ ਸੇਵਾ ਚਾਅ ਤੇ ਉਤਸ਼ਾਹ ਨਾਲ ਸ਼ੁਰੂ ਕਰ ਦੇਵੇ, ਇਹ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੀ ਡਿਊਟੀ ਹੈ, ਅਸਲੀ ਨਸ਼ਾ (ਨਾਮ ਦਾ, ਸੇਵਾ ਦਾ) ਲਗਾ ਦੇਣਗੇ ਤੇ ਨਕਲੀ ਨਸ਼ਾ (ਸਮੈਕ) ਛੁਡਵਾ ਦੇਣਗੇ। ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਦਰ ਐਸਾ ਹੈ, ਉੱਥੋਂ ਦੀ ਵਾਇਬ੍ਰੇਸ਼ਨ ਐਸੀ ਹੈ, ਬੰਦਗੀ ਵਾਲੀ, ਸਿਮਰਨ ਵਾਲੀ, ਗੁਰਬਾਣੀ ਦਾ ਅੱਠੇ ਪਹਿਰ ਪਰਵਾਹ ਹੈ ਜਿਸ ਨਾਲ ਪੁੰਨ ਵੱਧ ਜਾਂਦੇ ਹਨ। ਬਖਸਿਸ਼ ਹੋ ਜਾਂਦੀ ਹੈ, ਕ੍ਰਿਪਾ ਹੋ ਜਾਂਦੀ ਹੈ। ਇਨ੍ਹਾਂ ਸੱਚਾਈਆਂ ਨੂੰ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਉਚਾਰਨ ਕੀਤਾ ਹੈ :

***ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥***

*(ਅੰਗ ੬੨੫)*

ਜਲ ਦਾ ਸਰੋਵਰ, ਸਿਫਤਾਂ ਦਾ ਸਰੋਵਰ। ਕੋਈ ਉੱਥੇ ਡਿਊਟੀ ਸੰਭਾਲ ਲੈ। ਕੋਈ ਸੇਵਾ ਸ਼ੁਰੂ ਕਰ ਦੇ। ਮਹਾਰਾਜ ਜੀ, ਮੈਂ ਇਸ ਲਈ ਸੇਵਾ ਕਰ ਰਿਹਾ ਹਾਂ ਕਿ ਇਹ ਨਸ਼ੇ ਵਾਲਾ ਕੋਹੜ ਜ਼ਿੰਦਗੀ ਵਿੱਚੋਂ ਨਿਕਲ ਜਾਵੇ।

***ਸਭਿ ਉਤਰੇ ਪਾਪ ਕਮਾਤੇ ॥***

*(ਅੰਗ ੬੨੫)*

ਤੇਰੇ ਇਹ ਨਸ਼ਿਆਂ ਵਰਗੇ ਪਾਪ ਜਿਹੜੇ ਹਨ, ਸਾਰੇ ਹੀ ਉਤਰ ਜਾਣਗੇ।

***ਸੰਤਹੁ ਰਾਮਦਾਸ ਸਰੋਵਰੁ ਨੀਕਾ ॥***
***ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧॥ ਰਹਾਉ ॥***

*(ਅੰਗ ੬੨੩)*

ਸ੍ਰੀ ਦਰਬਾਰ ਸਾਹਿਬ ਦੇ ਚਾਰ ਦਰਵਾਜ਼ੇ ਹਨ ਤੇ ਚਾਰੇ ਦਰਵਾਜ਼ਿਆਂ ਨੂੰ ਬਾਹਰੋਂ ਜਿੰਦਰਾ ਨਹੀਂ ਲੱਗਦਾ। ਕੁੰਡੇ ਦੀ ਵਿਵਸਥਾ ਵੀ ਨਹੀਂ। ਇਸਦਾ ਮਤਲਬ ਗੁਰੂ ਸਾਹਿਬ ਘਰ ਵਿੱਚ ਹਨ, ਗਏ ਨਹੀਂ। ਕੁਝ ਨਿਰਾਲੀਆਂ ਵਡਿਆਈਆਂ ਕਈ ਖੋਜੀਆਂ ਨੇ ਲਿਖੀਆਂ ਹਨ। ਦਾਸ ਨੂੰ ਸ੍ਰੀ ਦਰਬਾਰ ਸਾਹਿਬ ਦੀ ਵਡਿਆਈ ਦੀ, ਇੱਕ ਕਿਤਾਬ ਮਿਲੀ ਉਸ ਦਾ ਨਾਂ ਹੈ, ਅੰਮ੍ਰਿਤ ਨਗਰੀ। ਇਸ ਤਰ੍ਹਾਂ ਖੋਜੀਆਂ ਨੇ ਕਈ-ਕਈ ਦਿਨ ਰਹਿ ਕੇ ਉਹ ਆਪਦੇ ਨਿਚੋੜ ਲਿਖੇ ਹਨ। ਉਹ ਲਿਖਦੇ ਹਨ, ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਅਸਥਾਨ ਇਹੋ ਜਿਹਾ ਅਸਥਾਨ ਹੈ, ਜਿੱਥੇ ਸੂਰਜ ਦੀਆਂ ਕਿਰਨਾਂ ਸਾਰਾ ਦਿਨ ਰਹਿੰਦੀਆਂ ਹਨ। ਜਿੰਨਾ ਟਾਈਮ ਸੂਰਜ ਹੈ, ਸੂਰਜ ਦੀਆਂ ਕਿਰਨਾਂ ਸਾਰਾ ਦਿਨ ਰਹਿੰਦੀਆਂ ਹਨ। ਉਨ੍ਹਾਂ ਨੇ ਦਸ-ਦਸ ਦਿਨ ਰਹਿ ਕੇ ਲਾਈਨ ਇੱਕ ਲਿਖੀ ਹੈ ਭਾਵ ਇਹ ਕਿ ਇੱਕ ਲਾਈਨ ਪਿੱਛੇ ਦਸ-ਦਸ ਦਿਨਾਂ ਦੀ ਉਨ੍ਹਾਂ ਦੀ ਮਿਹਨਤ ਹੈ ਔਰ ਵੇਰਵਾ ਪਾਇਆ ਹੈ, ਨਾਲ। ਜਦੋਂ ਸਵੇਰੇ ਸੂਰਜ ਚੜ੍ਹਦਾ ਹੈ, ਉਸ ਦੀਆਂ ਪਹਿਲੀਆਂ ਕਿਰਨਾਂ ਹਰਿ ਕੀ ਪੌੜੀ ਵੱਲੋਂ ਪੈਂਦੀਆਂ

ਹਨ। ਸ੍ਰੀ ਦਰਬਾਰ ਸਾਹਿਬ ਤੁਸੀਂ ਕਿਸੇ ਦਿਨ ਸਵੇਰੇ ਜਾ ਕੇ ਵੇਖ ਲੈਣਾ। ਜਦੋਂ ਸੂਰਜ ਚੜ੍ਹਦਾ ਹੈ, ਸੂਰਜ ਦੀਆਂ ਪਹਿਲੀਆਂ ਕਿਰਨਾਂ ਹਰਿ ਕੀ ਪੌੜੀ ਵੱਲੋਂ ਆਪਣੀ ਹਾਜ਼ਰੀ ਲਗਾਉਂਦੀਆਂ ਹਨ। ਤੇ ਉਨ੍ਹਾਂ ਲਿਖਿਆ ਹੈ, ਜਦੋਂ ਸੂਰਜ ਡੁੱਬਦਾ ਹੈ, ਉਦੋਂ ਦਰਸ਼ਨੀ ਡਿਓਢੀ ਵੱਲੋਂ ਹਾਜ਼ਰੀ ਲਗਾਉਂਦੀਆਂ ਹਨ। ਕਹਿਣ ਦਾ ਭਾਵ ਇੱਕ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਅਸਥਾਨ ਹੈ ਜਿੱਥੇ ਸੂਰਜ ਦੀਆਂ ਕਿਰਨਾਂ ਵੀ ਹਾਜ਼ਰੀਆਂ ਭਰਦੀਆਂ ਰਹਿੰਦੀਆਂ ਹਨ।

ਪਤਾ ਨਹੀਂ ਬਾਬਾ ਜੀ ਨੇ ਕਿੱਥੇ ਨਕਸ਼ਾ ਬਣਾਇਆ ਹੈ। ਕਿੱਥੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੋਚ, ਪਿਤਾ ਜੀ, ਧੰਨ ਸ੍ਰੀ ਗੁਰੂ ਰਾਮਦਾਸ ਜੀ ਦੀ ਸੋਚ। ਫਿਰ ਉਨ੍ਹਾਂ ਨੇ ਲਿਖਿਆ ਹੈ- ਪੰਜ ਗੁੰਬਦ ਹਨ। ਇੱਕ ਵਿਚਕਾਰਲਾ ਤੇ ਚਾਰ ਸਾਈਡਾਂ ਤੇ। ਆਮ ਗੁਰਦੁਆਰਿਆਂ ਵਿੱਚ ਚਾਰ ਗੁੰਬਦ, ਸਾਈਡਾਂ ਵਾਲੇ, ਇੱਕੋ ਡਿਜ਼ਾਇਨ ਦੇ ਹੁੰਦੇ ਹਨ। ਇਹ ਤੁਸੀਂ ਵੇਖ ਲੈਣਾ, ਅਗਲੇ ਦੋ ਹੋਰ ਡਿਜ਼ਾਈਨ ਦੇ, ਪਿਛਲੇ ਦੋ ਹੋਰ ਡਿਜ਼ਾਈਨ ਦੇ। ਇਸ ਵਿੱਚ ਵੀ ਕੁਝ ਰਾਜ਼ ਨੇ। ਕੁਝ ਰਮਜ਼ਾਂ ਨੇ ਔਰ ਹੈ ਵੀ ਪਿਆਰ ਵਾਲੀਆਂ ਰਮਜ਼ਾਂ। ਉਨ੍ਹਾਂ ਨੇ ਅੰਮ੍ਰਿਤ ਨਗਰੀ, ਕੁਝ ਹੋਰ ਕਿਤਾਬਾਂ ਵਿੱਚ ਖੋਜਾਂ ਕਰਕੇ ਲਿਖਿਆ ਹੈ, ਸ੍ਰੀ ਦਰਬਾਰ ਸਾਹਿਬ ਦਾ ਵਿਚਕਾਰਲਾ ਗੁੰਬਦ ਹੈ, ਉੱਥੋਂ ਧਾਗਾ ਬੰਨ ਕੇ ਕਦੀ ਸਰੋਵਰ ਦੀ ਅਖੀਰਲੀ ਪੌੜੀ ਤੱਕ ਲੈ ਆਓ, ਉਹੋ ਧਾਗਾ ਦੂਜੇ ਪਾਸੇ ਗੁੰਬਦ ਦੇ ਸਿਰੇ ਤੋਂ ਬੰਨ ਕੇ ਚੌੜੀ ਪੌੜੀਆਂ ਵੱਲ ਲੈ ਆਓ, ਸਰ੍ਹਾਂ ਵੱਲ ਧਾਗਾ ਲੈ ਜਾਓ, ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਧਾਗਾ ਲੈ ਜਾਓ, ਉਧਰ ਬਾਬਾ ਬੁੱਢਾ ਸਾਹਿਬ ਜੀ ਦੀ ਬੇਰ ਵੱਲ ਲੈ ਜਾਓ, ਕਹਿੰਦੇ, ਇੱਕ ਸੂਤਰ ਦਾ ਵੀ ਫਰਕ ਨਹੀਂ। ਐਸਾ ਚਾਰੇ ਪਾਸੇ ਦਾ ਸੈਂਟਰ ਹੈ। ਗੁੰਬਦ ਤੋਂ ਚਾਰੇ ਪਾਸੇ ਇੱਕ ਸੂਤਰ ਦਾ ਵੀ ਫਰਕ ਨਹੀਂ। ਕੈਸੀਆਂ ਇਸ ਵਿੱਚ ਪਿਆਰ ਤੇ ਰਮਜ਼ਾਂ ਹਨ।

***ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥***

***(ਅੰਗ ੧੩੬੨)***

***ਧੰਨ ਗੁਰੂ ਰਾਮਦਾਸ ਜੀ। ਧੰਨ ਗੁਰੂ ਰਾਮਦਾਸ ਜੀ।***

ਪਹਿਲੀ ਸੂਰਜ ਦੀਆਂ ਕਿਰਨਾਂ, ਦੂਜਾ ਗੁੰਬਦ ਦਾ ਸੈਂਟਰ। ਤੀਜੀ ਗੱਲ ਖੋਜੀਆਂ ਨੇ ਲਿਖੀ ਹੈ, ਧੰਨ ਗੁਰੂ ਰਾਮਦਾਸ ਜੀ ਤੁਹਾਡਾ ਦਰ ਐਸਾ ਹੈ, ਜਿੱਥੇ ਕੋਈ ਲੈਕਚਰ ਜਾਂ ਭਾਸ਼ਨ ਦਿੱਤਾ ਹੀ ਨਹੀਂ ਜਾਂਦਾ। ਕੇਵਲ ਨਾਮ ਹੀ ਨਾਮ। ਅੰਦਰ ਕੋਈ ਲੈਕਚਰ ਨਹੀਂ, ਕੋਈ ਭਾਸ਼ਨ ਨਹੀਂ, ਕੋਈ ਦੂਜੀ ਗੱਲ ਨਹੀਂ। ਨਾਮ ਹੀ ਨਾਮ। ਖੋਜੀਆਂ ਨੇ ਚੌਥੀ ਸ੍ਰੀ ਦਰਬਾਰ ਸਾਹਿਬ ਦੀ ਵਡਿਆਈ ਲਿਖੀ ਹੈ, ਸ੍ਰੀ ਹਰਿਮੰਦਰ ਸਾਹਿਬ ਹਰ ਤਰ੍ਹਾਂ ਦੀ ਰਾਜਨੀਤੀ ਤੋਂ ਪਾਕ ਹੈ। ਪਾਕ ਹੁੰਦਾ ਹੈ, ਪਵਿੱਤਰ। ਪੰਜਵੀਂ ਗੱਲ ਲਿਖੀ ਹੈ, ਜਗਤ ਵਿੱਚ ਚੰਗਾ ਹੋਵੇ ਜਾਂ ਜਗਤ ਵਿੱਚ ਭਾਵੇਂ ਮੰਦਾ ਹੋਵੇ, ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਵਿੱਚ ਕੋਈ ਫਰਕ ਨਹੀਂ, ਉਹ ਉਸੇ ਤਰ੍ਹਾਂ ਨਿਰੰਤਰ ਜਾਰੀ ਹੈ। ਬਲਿਊ ਸਟਾਰ, ਬਲੈਕ ਥੰਡਰ ਵੇਲੇ ਦੇ ਦਿਨ ਛੱਡ ਕੇ ਅਗਾਂਹ ਪਿਛਾਂਹ ਜਗਤ ਵਿੱਚ ਕੁਝ ਹੋ ਜਾਵੇ, ਅੰਦਰ ਦੀ ਮਰਿਆਦਾ ਦਾ ਫਰਕ ਨਹੀਂ।

***ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥***

***(ਅੰਗ ੧੩੬੨)***

ਛੇਵੀਂ ਗੱਲ ਲਿਖੀ ਹੈ। ਆਮ ਗੁਰਦੁਆਰਿਆਂ ਵਿੱਚ ਤਾਬਿਆਂ ਕੋਈ ਵੀ ਬੈਠ ਸਕਦਾ ਹੈ। ਆਮ ਹੋਰ ਜਿਤਨੇ ਗੁਰਦੁਆਰੇ ਹਨ, ਤਾਬਿਆਂ ਕੋਈ ਵੀ ਬੈਠ ਸਕਦਾ ਹੈ ਪਰ ਇੱਕ ਸ੍ਰੀ ਹਰਿਮੰਦਰ ਸਾਹਿਬ, ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਐਸਾ ਪਵਿੱਤਰ ਅਸਥਾਨ ਹੈ ਜਿੱਥੇ ਤਾਬਿਆਂ ਚੁਣੇ ਹੋਏ ਨਿਸ਼ਚਿਤ ਗ੍ਰੰਥੀ ਹੀ ਬੈਠ ਕੇ ਸੇਵਾ ਕਰ ਸਕਦੇ ਹਨ। ਸੱਤਵੀਂ ਗੱਲ ਲਿਖੀ ਹੈ, ਖੋਜੀਆਂ ਨੇ। ਜਿੰਨੇ ਗੁਰਦੁਆਰੇ

ਹਨ, ਉੱਥੇ ਪਹਿਲਾਂ ਪ੍ਰਕਾਸ਼ ਹੁੰਦਾ ਹੈ, ਫਿਰ ਕੀਰਤਨ ਹੁੰਦਾ ਹੈ। ਇੱਕ ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਦਰ ਹੈ ਜਿੱਥੇ ਕੀਰਤਨ ਅਰੰਭ ਹੁੰਦਾ ਹੈ, ਸਤਿਗੁਰ ਜੀ ਲੱਗੇ ਦਰਬਾਰ ਵਿੱਚ ਆ ਕੇ ਬਿਰਾਜਮਾਨ ਹੁੰਦੇ ਹਨ। ਹੁਣ ਇਸ ਤਰ੍ਹਾਂ ਦੀਆਂ ਬਰੀਕੀਆਂ ਪੜ੍ਹੇ ਲਿਖੇ ਸਮਝ ਲੈਣਾ। ਸਾਰੀ ਮਰਿਆਦਾ ਹਾਜ਼ਰ ਨਾਜ਼ਰ ਹੈ। ਜਿਵੇਂ ਦੀਵਾਨ ਲੱਗਾ ਹੁੰਦਾ ਸੀ, ਗੁਰੂ ਕਲਗੀਧਰ ਮਹਾਰਾਜ ਜੀ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਹੜਾ ਪਹਿਲਾਂ ਉਨ੍ਹਾਂ ਦਾ ਆਪਣੇ ਕਮਰੇ ਵਿੱਚ ਨਿੱਜ ਦਾ ਨੇਮ ਹੁੰਦਾ ਸੀ ਤੇ ਫਿਰ ਤਿਆਰ ਹੋ ਕੇ ਦਰਬਾਰ ਚੱਲ ਰਿਹਾ ਹੁੰਦਾ ਸੀ ਤੇ ਮਹਾਰਾਜ ਜੀ ਆਉਂਦੇ ਸੀ। ਇੱਥੇ ਵਰਕੇ ਸਿਆਹੀ ਜਿਲਦ ਕਾਗਜ਼ ਨਹੀਂ ਗਿਣਿਆ ਜਾਂਦਾ, ਪ੍ਰਤੱਖ ਹਾਜ਼ਰ ਸਮਝਿਆ ਜਾਂਦਾ, ਉਸੇ ਤਰ੍ਹਾਂ ਕੀਰਤਨ ਪਹਿਲਾਂ ਅਰੰਭ ਹੁੰਦਾ ਹੈ ਤੇ ਲੱਗੇ ਦਰਬਾਰ ਵਿੱਚ ਸਤਿਗੁਰੂ ਜੀ, ਫਿਰ ਆਪ ਆਉਂਦੇ ਹਨ।

***ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥***

*(ਅੰਗ ੧੩੬੨)*

ਅੱਠਵੀਂ ਗੱਲ ਲਿਖੀ ਹੈ, ਆਮ ਹੁੰਦਾ ਹੈ, ਪਹਿਲਾਂ ਅਰਦਾਸ, ਫਿਰ ਹੁਕਮਨਾਮਾ। ਧਿਆਨ ਦੇਣਾ। ਤੁਸੀਂ ਆਮ ਗੁਰਦੁਆਰਿਆਂ ਵਿੱਚ ਦੇਖਦੇ ਹੋ, ਇੱਥੇ ਵੀ ਆਪਾਂ ਪਹਿਲਾਂ ਅਰਦਾਸ ਕਰਦੇ ਹਾਂ, ਫਿਰ ਹੁਕਮਨਾਮਾ ਲੈਂਦੇ ਹਾਂ। ਸ੍ਰੀ ਦਰਬਾਰ ਸਾਹਿਬ ਕਦੀ ਨੋਟ ਕਰਨਾ, ਪਹਿਲਾਂ ਹੁਕਮਨਾਮਾ, ਫਿਰ ਕੁਝ ਸ਼ਬਦ ਪੜ੍ਹੇ ਜਾਣਗੇ, ਫਿਰ ਅਰਦਾਸ। ਨਿਰਾਲੀਆਂ, ਅਨੋਖੀਆਂ, ਅਚਰਜ, ਹਾਜ਼ਰ ਨਾਜ਼ਰ ਮਰਿਆਦਾ। ਨੌਵੀਂ ਵਡਿਆਈ ਤੁਹਾਨੂੰ ਸਭ ਨੂੰ ਪਤਾ ਹੈ ਪਰ ਫਿਰ ਵੀ ਧਿਆਨ ਵਿੱਚ ਲਿਆ ਰਹੇ ਹਾਂ। ਇਸ ਨੂੰ ਦੂਜੇ ਪਾਸੇ ਨਾ ਖੜ੍ਹਨਾ। ਹੈ ਵੀ ਹੈ ਤੇ ਖੋਜੀਆਂ ਨੇ ਲਿਖਿਆ ਵੀ ਹੈ। ਕਿ ਤੁਸੀਂ ਕਦੀ ਨੋਟ ਕਰੋ, ਸ੍ਰੀ ਦਰਬਾਰ ਸਾਹਿਬ ਦੇ ਅੰਦਰ ਜੈਕਾਰਾ ਨਹੀਂ ਬੁਲਾਇਆ ਜਾਂਦਾ। ਇੱਥੇ ਦੋਹਰਾ ਵੀ ਨਹੀਂ ਪੜ੍ਹਿਆ ਜਾਂਦਾ। ਕਾਰਨ ਵੱਲ ਆਈਏ ਤੇ ਅਲੱਗ ਸਬਜੈਕਟ ਹੈ। ਕੋਈ ਇਹ ਨਾ ਸੋਚੇ ਕਿ ਇਹ ਦਰ ਸਿੱਖਾਂ ਦਾ ਹੀ ਹੈ। ਇਹ ਦਰ ਸਭ ਦਾ ਸਾਂਝਾ ਹੈ। ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੈ। ਦਸਵੀਂ ਗੱਲ, ਸ੍ਰੀ ਦਰਬਾਰ ਸਾਹਿਬ ਜਿਹੜੀ ਅਰਦਾਸ ਹੁੰਦੀ ਹੈ, ਸਾਰੇ ਜਗਤ ਦੇ ਭਲੇ ਲਈ ਹੁੰਦੀ ਹੈ। ਗਿਆਰ੍ਹਵੀਂ ਗੱਲ ਜੋ ਖੋਜੀਆਂ ਨੇ ਲਿਖੀ ਹੈ, ਸ੍ਰੀ ਹਰਿਮੰਦਰ ਸਾਹਿਬ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਰੱਖੇ ਹਨ, ਸਹਿਜ ਪਾਠ ਤੇ ਸਪਤਾਹਿਕ ਪਾਠ ਦੀ ਵਿਵਸਥਾ ਨਹੀਂ। ਕੇਵਲ ਸ੍ਰੀ ਅਖੰਡ ਪਾਠ ਸਾਹਿਬ ਹੀ ਕਿਉਂ? ਅਨੋਖੀਆਂ ਮਰਿਆਦਾ। ਸਹਿਜ ਪਾਠ ਵਿੱਚ ਗੱਲ ਹੋ ਸਕਦੀ ਹੈ, ਸਪਤਾਹਿਕ ਪਾਠ ਵਿੱਚ ਵੀ ਗੱਲ ਹੋ ਸਕਦੀ ਹੈ। ਇੱਥੇ ਗੱਲ ਹੋਵੇ ਹੀ ਨਾ, ਬਾਣੀ ਹੀ ਅਖੰਡ ਚਲੇ।

***ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥***

*(ਅੰਗ ੧੩੬੨)*

***ਧੰਨ ਗੁਰੂ ਰਾਮਦਾਸ ਜੀ। ਧੰਨ ਗੁਰੂ ਰਾਮਦਾਸ ਜੀ।***

ਹੁਣ ਭਾਵਨਾ ਬਣਾਇਓ। ਸੱਲ ਭੱਟ ਜੀ ਹੋਏ ਹਨ। ਦਾਸ ਦੇ ਤਾਂ ਕੰਨ ਹੀ ਖੜ੍ਹੇ ਹੋ ਗਏ, ਉਨ੍ਹਾਂ ਦੀ ਭਾਵਨਾ ਵੇਖ ਕੇ। ਸਿਰੋਂ ਹੀ ਪਰ੍ਹੇ। ਅਰਦਾਸ ਕਰੋ, ਅਸੀਂ ਵੀ ਉੱਥੇ ਪਹੁੰਚੀਏ। ਸੱਲ ਭੱਟ ਦੀ ਭਾਵਨਾ ਵੇਖੋ। ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਦੀ ਵਡਿਆਈ ਕੀਤੀ ਹੈ, ਉਨ੍ਹਾਂ ਨੇ। ਦਾਸ ਪਹਿਲਾਂ ਪੰਕਤੀ ਬੋਲ ਲਵੇ, ਸਵੱਯੈ ਦੀ ਤੇ ਫਿਰ ਅਰਥ ਕਰਾਂਗੇ, ਗੁਰੂ ਸਾਹਿਬ ਕਰਵਾਉਣ, ਭਾਵਨਾ ਵੇਖਿਓ :

***ਜਨਮੁ ਕਾਲੁ ਕਰ ਜੋੜਿ ਹੁਕਮੁ ਜੋ ਹੋਇ ਸੁ ਮੰਨੈ ॥***

*(ਅੰਗ ੧੪੦੬)*

ਜਨਮ ਹੋ ਗਿਆ, ਜੀਵਨ ਤੇ ਕਾਲ ਮੌਤ।

ਜਨਮ ਤੇ ਮੌਤ ਦੇਣ ਵਾਲੀਆਂ ਸਾਰੀਆਂ ਡਿਊਟੀਆਂ ਨਿਭਾਉਣ ਵਾਲੇ ਹੱਥ ਜੋੜ ਕੇ ਖੜ੍ਹੇ ਹਨ, ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਅੱਗੇ ਕਿ ਜੋ ਤੁਸੀਂ ਹੁਕਮ ਕਰੋਗੇ, ਅਸੀਂ ਮੰਨਾਂਗੇ। ਜਿਸ ਦੀ ਵਧਾਉਣੀ ਹੈ, ਵਧਾ ਦਿੰਦੇ ਹਾਂ। ਦਾਸ ਤਾਂ ਅਰਥ ਪੜ੍ਹ ਕੇ ਹੈਰਾਨ ਹੋ ਗਿਆ, ਭਾਵਨਾ ਵੇਖੋ। ਜਨਮ ਕਾਲ ਦੀਆਂ ਡਿਊਟੀ ਦੇਣ ਵਾਲੇ, ਤੇਰੇ ਅੱਗੇ ਹੱਥ ਜੋੜ ਕੇ ਖੜ੍ਹੇ ਹਨ। ਮਹਾਰਾਜ ਜੀ, ਕੀ ਹੁਕਮ ਹੈ? ਕੀ ਕਰਨਾ ਹੈ? ਕਿਸ ਦੇ ਲੇਖ ਬਦਲਾਉਣੇ ਹਨ? ਕਿਸ ਦਾ ਕੀ ਘਟਾਉਣਾ ਹੈ? ਕਿਸ ਦਾ ਕੈਂਸਰ ਕੱਟਣਾ ਹੈ? ਕਿਸ ਦਾ ਪੀਲੀਆ ਕੱਟਣਾ ਹੈ? ਹੁਕਮ ਕਰੋ। ਅਸੀਂ ਤਾਂ ਧੰਨ ਸ੍ਰੀ ਗੁਰੂ ਰਾਮਦਾਸ ਜੀ ਤੁਹਾਡਾ ਹੁਕਮ ਮੰਨਾਂਗੇ।

*ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ ॥*

*(ਅੰਗ ੧੪੦੬)*

ਬਾਣੀ ਹੈ, ਭੱਟਾਂ ਦੇ ਸਵੱਯੈ। ਸੱਲ ਭੱਟ ਜੀ ਦੀ ਭਾਵਨਾ। ਸ੍ਰੀ ਹਰਿਮੰਦਰ ਸਾਹਿਬ, ਤੁਸੀਂ ਇਹੋ ਜਿਹਾ ਭਵ ਸਾਗਰ ਬੰਨ ਦਿੱਤਾ ਹੈ ਕਿ ਜਿਸ ਤੇ ਪ੍ਰਸੰਨ ਹੋ ਗਏ, ਉਸ ਸਿੱਖ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਨਾਲ ਜੋੜ ਕੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਤਾਰ ਦਿੱਤਾ।

*ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥*

*(ਅੰਗ ੧੩੬੨)*

*ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ*
*ਜਿਤੁ ਨਾਤੈ ਕਊਆ ਹੰਸੁ ਹੋਹੈ ॥*
*ਨਾਨਕ ਧਨੁ ਧੰਨੁ ਵਡੇ ਵਡਭਾਗੀ*
*ਜਿਨ੍ਹ ਗੁਰਮਤਿ ਨਾਮੁ ਰਿਦੈ ਮਲੁ ਧੋਹੈ ॥੪॥੨॥*

*(ਅੰਗ ੪੯੩)*

*ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ ॥*
*ਜੋ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥੨॥*

*(ਅੰਗ ੯੧)*

*ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤ ਸਰਿ ਨਾਤਾ ॥*

*(ਅੰਗ ੫੭੦)*

*ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ ॥*
*ਮਨਸਾ ਕਾ ਦਾਤਾ ਸਭ ਸੁਖ ਨਿਧਾਨੁ*
*ਅੰਮ੍ਰਿਤ ਸਰਿ ਸਦ ਹੀ ਭਰਪੂਰਾ ॥੧॥ ਰਹਾਉ ॥*

*(ਅੰਗ ੩੭੫)*

*ਵਡਾ ਤੇਰਾ ਦਰਬਾਰੁ ਸਚਾ ਤੁਧੁ ਤਖਤੁ ॥*
*ਸਿਰਿ ਸਾਹਾ ਪਾਤਿਸਾਹੁ ਨਿਹਚਲੁ ਚਉਰੁ ਛਤੁ ॥*

*(ਅੰਗ ੯੬੪)*

*ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥*
*ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥੬੬॥*

*(ਅੰਗ ੧੩੬੭)*

*ਦਿਚੈ ਪੁਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ ।*
*ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ ।*
*ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ ।*

*(ਵਾਰ ੧, ਪਉੜੀ ੪੭)*

ਇਸ ਦੇ ਨਾਲ ਪੜ੍ਹਾਈ ਵੀ ਹੋ ਜਾਂਦੀ ਹੈ। ਰਸ ਵੀ ਬਣਦਾ ਹੈ। ਮਥੁਰਾ ਭੱਟ ਜੀ ਦੀ ਕਿੰਨੀ ਭਾਵਨਾ ਸੀ।

*ਨਿਰਮਲ ਨਾਮੁ ਸੁਧਾ ਪਰਪੂਰਨ*
*ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥*

*(ਅੰਗ ੧੪੦੪)*

ਤੇਰਾ ਨਾਮ ਨਿਰਮਲ ਹੈ। ਸੁਧਾ ਸਰੋਵਰ। ਤੇਰਾ ਸਰੋਵਰ ਵੀ ਪੂਰਾ ਹੈ। ਦਿਨ ਸ਼ੁਰੂ ਹੁੰਦਿਆਂ ਹੀ ਤੇਰੇ ਅਸਥਾਨ ਤੋਂ ਸ਼ਬਦ ਦੀਆਂ ਤਰੰਗਾਂ ਸ਼ੁਰੂ ਹੋ ਜਾਂਦੀਆਂ ਹਨ।

*ਗਹਿਰ ਗੰਭੀਰੁ ਅਥਾਹ ਅਤਿ ਬਡ*
*ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥*

*(ਅੰਗ ੧੪੦੪)*

ਤੇਰਾ ਅਸਥਾਨ ਗਹਿਰ ਗੰਭੀਰ ਹੈ। ਲਪਾ-ਲੱਪ ਬਖਸ਼ਿਸ਼ਾਂ ਨਾਲ ਭਰਿਆ ਪਿਆ ਹੈ। ਸਾਰੇ ਰਤਨਾਂ ਦੀ ਖਾਨ ਹੈ, ਤੇਰਾ ਦਰ।

***ਸੰਤ ਮਰਾਲ ਕਰਹਿ ਕੰਤੂਹਲ***
***ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥***

*(ਅੰਗ ੧੪੦੪)*

ਧੰਨ ਸ੍ਰੀ ਗੁਰੂ ਰਾਮਦਾਸ ਜੀ, ਤੁਹਾਡਾ ਦਰ ਐਸਾ ਹੈ ਜਿੱਥੇ ਅੰਦਰ ਕਿੰਨੀਆਂ ਸੰਤ ਵਰਗੀਆਂ ਸਿੱਖਾਂ ਦੀਆਂ ਰੂਹਾਂ ਅਨੰਦ ਮਾਣਦੀਆਂ ਹਨ, ਹੰਸ ਦੀ ਤਰ੍ਹਾਂ। ਜਿਹੜੇ ਅੰਦਰ ਅਨੰਦ ਮਾਣਦੇ ਹਨ, ਗੁਰਬਾਣੀ ਦਾ ਸ੍ਰੀ ਹਰਿਮੰਦਰ ਸਾਹਿਬ ਜੀ ਨਾਲ ਜੁੜਦੇ ਹਨ, ਉਨ੍ਹਾਂ ਦਾ ਜਮਾਂ ਦਾ ਡਰ ਮੁੱਕ ਜਾਂਦਾ ਹੈ। ਕਰਮਾਂ ਵਿੱਚ ਜਿੰਨੇ ਦੁਖ ਲਿਖੇ ਹਨ ਤੇ ਸਾਰੇ ਦੁਖ ਕਾਗਜ਼ ਵਾਂਗ ਗਲ ਜਾਂਦੇ ਹਨ।

***ਕਲਜੁਗ ਦੁਰਤ ਦੂਰਿ ਕਰਬੇ ਕਉ***
***ਦਰਸਨੁ ਗੁਰੂ ਸਗਲ ਸੁਖ ਸਾਗਰੁ ॥੪॥***

*(ਅੰਗ ੧੪੦੪)*

ਤੇਰਾ ਦਰ ਐਸਾ ਹੈ ਜਿਹੜਾ ਸ਼ਰਧਾ ਭਾਵਨਾ ਨਾਲ ਕਿਸੇ ਰੂਪ ਵਿੱਚ ਹਾਜ਼ਰੀਆਂ ਭਰਦਾ ਹੈ, ਭਾਵੇਂ ਇਸ ਵਾਸਤੇ ਕਿ ਤੂੰ ਮਿਲ ਜਾਵੇਂ, ਭਾਵੇਂ ਇਸ ਵਾਸਤੇ ਹਾਜ਼ਰੀ ਭਰਦਾ ਹੈ ਕਿ ਫਲਾਣਾ ਦੁਖ ਚਲਾ ਜਾਵੇ। ਧੰਨ ਸ੍ਰੀ ਗੁਰੂ ਰਾਮਦਾਸ ਜੀ, ਜਿਹੜਾ ਤੁਹਾਡਾ ਕੋਲ ਮਨ ਨੀਵਾਂ ਕਰਕੇ ਹਾਜ਼ਰੀਆਂ ਭਰਦਾ ਹੈ, ਉੱਥੇ ਬਖਸ਼ਿਸ਼ ਵੀ ਇਹੋ ਜਿਹੀ ਹੈ ਕਿ ਉਸ ਦੇ ਦੁਖ ਕਾਗਜ਼ ਵਾਂਗ ਗਲ ਜਾਂਦੇ ਹਨ।

ਇਹ ਗੱਲਾਂ ਕਹਿਣੀਆਂ ਨਹੀਂ ਚਾਹੀਦੀਆਂ। ਪਰ ਚਲੋ ਫਿਰ ਵੀ ਇੱਕ ਬੀਬੀ ਸੀ, ਉਸ ਦੀ ਬੱਚੀ ਮੀਟ ਬਿਨਾਂ ਰੋਟੀ ਖਾਂਦੀ ਹੀ ਨਹੀਂ ਸੀ। ਉਸ ਨੂੰ ਕਿਸੇ ਬਖਸ਼ੇ ਨੇ ਆਖਿਆ, ਗਿਆਰ੍ਹਾਂ ਦਿਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੇ ਬੱਚੀ ਨੂੰ ਖੜ੍ਹੋ, ਇਸ਼ਨਾਨ ਕਰਵਾਓ, ਅੰਦਰ ਕੀਰਤਨ ਸੁਣਾਵੋ। ਆਪ ਸ੍ਰੀ ਸੁਖਮਨੀ ਸਾਹਿਬ ਦੀ ਹਾਜ਼ਰੀ ਲਗਾਓ। ਰੋਜ਼ ਦੇਗ ਲੈ ਕੇ ਝੋਲੀ ਅੱਡ ਲੈ। ਚਾਰੇ ਸਾਈਡਾਂ ਤੇ ਛਬੀਲਾਂ ਹਨ। ਬੱਚੀ ਨੂੰ ਵੀ ਨਾਲ ਬਿਠਾ ਲਓ। ਆਪ ਵੀ ਬੈਠੋ ਤੇ ਉੱਥੇ ਵਾਹਿਗੁਰੂ-ਵਾਹਿਗੁਰੂ ਚਾਰ ਵਾਰੀ ਜਪਦਿਆਂ, ਇੱਕ ਵਾਰੀ ਧੰਨ ਸ੍ਰੀ ਗੁਰੂ ਰਾਮਦਾਸ ਜੀ, ਜਪਦਿਆਂ ਸੰਗਤ ਦੇ ਜੂਠੇ ਕੋਲੇ ਮਾਂਜੋ। ਪੰਜਵਾਂ ਦਿਨ ਸੀ ਤੇ ਉਹ ਬੱਚੀ ਮੁੱਖੋਂ ਕਹਿੰਦੀ ਹੈ, ਮੰਮੀ, ਅੱਜ ਰਾਤੀਂ ਮੈਂ ਰੋਟੀ ਮੀਟ ਨਾਲ ਨਹੀਂ ਖਾਣੀ, ਦਾਲ ਨਾਲ ਖਾਣੀ ਹੈ। ਉਸ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ, ਇਹ ਕਦੀ ਦਾਲ ਵੇਖ ਕੇ ਰਾਜ਼ੀ ਨਹੀਂ ਸੀ ਤੇ ਅੱਜ ਆਪ ਕਹਿ ਰਹੀ ਹੈ ਦਾਲ ਨਾਲ ਰੋਟੀ ਖਾਣੀ ਹੈ। ਇਸ ਨੂੰ ਕੀ ਕਹਾਂਗੇ?

***ਗਹਿਰ ਗੰਭੀਰੁ ਅਥਾਹ ਅਤਿ ਬਡ***
***ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥***
***ਸੰਤ ਮਰਾਲ ਕਰਹਿ ਕੰਤੂਹਲ***
***ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥***

*(ਅੰਗ ੧੪੦੪)*

ਜਿਹੜਾ ਤੇਰੇ ਦਰ ਤੇ ਚੰਗੀ ਮੰਗ, ਜਾਇਜ਼ ਮੰਗ ਲੈ ਕੇ ਆਉਂਦਾ ਹੈ। ਸਤਿਗੁਰ ਜੀ ਤੁਸੀਂ ਉਹਦੀਆਂ ਝੋਲੀਆਂ ਭਰਦੇ ਹੋ, ਇਸ ਬੀਬੀ ਦੀ ਮੰਗ ਚੰਗੀ ਸੀ। ਬੱਚੀ ਨੂੰ ਗਲਤ ਸੁਆਦ ਪੈ ਗਏ ਹਨ ਇਹ ਦੂਰ ਹੋ ਜਾਣ। ਤੇਰੇ ਦਰ ਤੇ ਕੋਈ ਕਿਸੇ ਰੂਪ ਵਿੱਚ ਢਹਿੰਦਾ ਹੈ, ਮਥੁਰਾ ਭੱਟ ਜੀ ਕਹਿੰਦੇ ਹਨ, ਧੰਨ ਸ੍ਰੀ ਗੁਰੂ ਰਾਮਦਾਸ ਜੀ, ਤੇਰੀ ਨਦਰਿ ਸਦਕਾ ਉਸ ਦੇ ਦੁਖ ਕਾਗਜ਼ ਵਾਂਗ ਗਲ ਜਾਂਦੇ ਹਨ। ਪੜ੍ਹੋ ਜੀ ਇਹ ਪੰਕਤੀ ਤੇ ਫਿਰ ਸਮਾਪਤੀ ਹੈ:

***ਹਰਿ ਜਪੇ ਹਰਿ ਮੰਦਰੁ ਸਾਜਿਆ***
***ਸੰਤ ਭਗਤ ਗੁਣ ਗਾਵਹਿ ਰਾਮ ॥***

*(ਅੰਗ ੭੮੧)*

***

# ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵਾਪਰੀਆਂ ਕੁਝ ਹੱਡ-ਬੀਤੀਆਂ

ਅੰਮ੍ਰਿਤਸਰ ਵਿੱਚ ਤੁਹਾਡੀ ਸੰਗਤ ਦਾ ਹੀ ਕੋਈ ਗੁਰਮੁਖ ਪਿਆਰਾ ਹੈ, ਉਸ ਦੇ ਪੁੱਤਰ ਦੇ ਸਿਰ ਵਿੱਚ ਫੋੜੇ ਹੋ ਗਏ। ਡਾਕਟਰ ਕੋਲ ਗਏ ਤਾਂ ਡਾਕਟਰ ਕਹਿਣ ਲੱਗਾ, ਇਸ ਦਾ ਸਾਰਾ ਸਿਰ ਗਲਿਆ ਪਿਆ ਹੈ। ਇਸ ਦੇ ਪਹਿਲਾਂ ਕੇਸ ਕਟਵਾ ਕੇ ਆਓ, ਮੈਂ ਇਸ ਤਰ੍ਹਾਂ ਇਲਾਜ ਨਹੀਂ ਕਰ ਸਕਦਾ। (ਵੇਖੋ ਅੱਜ ਕਲ੍ਹ ਕਈ ਸ਼ੌਕ ਨਾਲ ਕੇਸ ਕਟਵਾਉਂਦੇ ਹਨ, ਪਰ ਧੰਨ ਹਨ ਉਹ ਗੁਰਮੁਖ ਪਿਆਰੇ ਜਿਨ੍ਹਾਂ 'ਤੇ ਮਜ਼ਬੂਰੀ ਵੀ ਬਣ ਜਾਵੇ ਤਾਂ ਵੀ ਧਿਆਨ ਰੱਖਦੇ ਹਨ ਕਿ ਕਿਤੇ ਕੇਸਾਂ ਦੀ ਬੇਅਦਬੀ ਨਾ ਹੋ ਜਾਵੇ।) ਉਹ ਗੁਰਮੁਖ ਪਿਆਰਾ ਕਹਿਣ ਲੱਗਾ, ਅਸੀਂ ਸਿੱਖ ਹਾਂ, ਕੇਸ ਨਹੀਂ ਕਟਵਾ ਸਕਦੇ, ਤੁਸੀਂ ਇਸ ਤਰ੍ਹਾਂ ਦੀ ਕੋਈ ਦਵਾਈ ਹੀ ਲਗਾ ਦਿਓ, ਗੁਰੂ ਸਾਹਿਬ ਆਪ ਹੀ ਕਿਰਪਾ ਕਰਨਗੇ ਪਰ ਉਹ ਡਾਕਟਰ ਨਾ ਮੰਨਿਆ।


ਦੁੱਖ ਭੰਜਨੀ ਬੇਰੀ

ਉਹ ਗੁਰਮੁਖ ਪਿਆਰਾ ਆਪਣੇ ਪੁੱਤਰ ਨੂੰ ਕਹਿਣ ਲੱਗਾ ਆ ਤੈਨੂੰ ਅੱਜ ਵੱਡੇ ਡਾਕਟਰ ਕੋਲ ਲੈ ਕੇ ਜਾਵਾਂ। ਫਿਰ ਪੁੱਤਰ ਦੀ ਉਂਗਲ ਫੜ ਕੇ ਉਸ ਨੂੰ ਸ੍ਰੀ ਹਰਿਮੰਦਰ ਸਾਹਿਬ ਦੁਖ ਭੰਜਨੀ ਬੇਰੀ ਦੇ ਅਸਥਾਨ 'ਤੇ ਲੈ ਗਿਆ। ਤੁਸੀਂ ਜਾਣਦੇ ਹੀ ਹੋ ਕਿ ਸਿਰ ਗਲਿਆ ਹੋਵੇ ਤੇ ਪਾਣੀ ਪਾਉਣ ਨਾਲ ਜ਼ਖਮ ਹੋਰ ਖਰਾਬ ਹੋਣ ਦਾ ਡਰ ਰਹਿੰਦਾ ਹੈ। ਉਸ ਗੁਰਮੁਖ ਪਿਆਰੇ ਨੂੰ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਤੇ ਇਤਨੀ ਸ਼ਰਧਾ, ਭਰੋਸਾ ਤੇ ਵਿਸ਼ਵਾਸ ਸੀ, ਉਸ ਨੇ ਕੇਸਾਂ ਸਮੇਤ ਆਪਣੇ ਪੁੱਤਰ ਨੂੰ ਦੁਖ ਭੰਜਨੀ ਬੇਰੀ ਦੇ ਸਰੋਵਰ ਵਿੱਚ ਇਸ਼ਨਾਨ ਕਰਵਾ ਦਿੱਤਾ ਤੇ ਉੱਥੇ ਹੀ ਬੈਠ ਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਫਿਰ ਅੰਦਰ ਜਾ ਕੇ ਦੇਗ ਕਰਵਾਈ ਤੇ ਅਰਦਾਸ ਕੀਤੀ ਕਿ ਹੇ ਸਤਿਗੁਰੂ ਜੀ! ਕਿਰਪਾ ਕਰੋ।

ਹਰ ਰੋਜ਼ ਹੀ ਉਨ੍ਹਾਂ ਨੇ ਇਸ ਤਰ੍ਹਾਂ ਕਰਨਾ, ਆਪਣੇ ਪੁੱਤਰ ਨੂੰ ਦੁਖ ਭੰਜਨੀ ਬੇਰੀ ਦੇ ਅਸਥਾਨ 'ਤੇ ਸਰੋਵਰ ਵਿੱਚ ਕੇਸਾਂ ਸਣੇ ਇਸ਼ਨਾਨ ਕਰਵਾਉਣਾ, ਸੁਖਮਨੀ ਸਾਹਿਬ ਦਾ ਖੜ੍ਹੇ ਹੋ ਕੇ ਪਾਠ ਕਰਨਾ ਤੇ ਦੇਗ ਕਰਵਾ ਕੇ ਅਰਦਾਸ ਕਰਨੀ। ਇਸ ਤਰ੍ਹਾਂ ਕਰਦੇ-ਕਰਦੇ ਛੇ ਦਿਨ ਬੀਤ ਗਏ ਤੇ ਸੱਤਵੇਂ ਦਿਨ ਕਿਰਪਾ ਹੋ ਗਈ। ਸਿਰ ਖੁਸ਼ਕ ਹੋਣਾ ਸ਼ੁਰੂ ਹੋ ਗਿਆ ਤੇ ਤੇਰ੍ਹਵੇਂ ਦਿਨ ਬਿਲਕੁਲ ਨਿਰਮਲ ਖੋਪੜੀ ਇੱਕ ਫੋੜਾ ਵੀ ਨਹੀਂ ਸਿਰ ਵਿੱਚ ਰਿਹਾ।

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥*

*(ਅੰਗ ੬੧੧)*

*—ਦਾਸ ਭਾਈ ਗੁਰਇਕਬਾਲ ਸਿੰਘ*

# ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ (ਹੈੱਡ ਗ੍ਰੰਥੀ) ਸ੍ਰੀ ਹਰਿਮੰਦਰ ਸਾਹਿਬ ਦੀ ਹੱਡ ਬੀਤੀ




ਹੁਣ ਜੇ ਮੈਂ ਆਪਣੇ ਘਰ ਦੀ ਦੱਸਾਂ ਤਾਂ ਤੁਸੀਂ ਆਖਣਾ ਆਪਣੇ ਘਰ ਦੀ ਵਡਿਆਈ ਕਰਦਾ ਹੈ ਪਰ ਸੱਚ ਕਹਿਣਾ ਚਾਹੀਦਾ ਹੈ। ਮੇਰਾ ਬੱਚਾ ਓਹਦੇ ਚਾਰ ਅਪਰੇਸ਼ਨ ਹੋਏ ਸਿਰ ਦੇ, ਅੱਖਾਂ ਜਾਂਦੀਆਂ ਰਹੀਆਂ, ਖੱਬੀ ਬਾਂਹ ਖਲੋ ਗਈ, ਲੱਤ ਖਲੋ ਗਈ। ਅਸੀਂ ਦੋਵੇਂ ਜੀਅ ਬਾਹਵਾਂ ਤੋਂ ਫੜ ਕੇ ਉਸਨੂੰ ਤੋਰਦੇ ਉਦੋਂ ਫੌੜੀਆਂ ਵੀ ਨਹੀਂ ਸੀ।

ਗੁਰੂ ਕੇ ਪਿਆਰਿਓ! ਕੋਈ ਦਵਾਈ ਨਹੀਂ ਦਿੱਤੀ ਇਸ ਵਾਸਤੇ। ਹੁਣ ਵੀ ਮੈਂ ਸੇਵਾ ਕਰਦਾ ਜੇ ਕਿਤੇ ਆ ਜੋ ਤੇ ਵੇਖ ਲਓ। ਰੁਮਾਲ ਮੈਂ ਘਰੋਂ ਖੜ੍ਹਨਾ ਹੈ ਤੇ ਉਤਲਿਆਂ ਪੌੜਾਂ ਹਰਿ ਕੀ ਪੌੜੀ ਤੋਂ ਲੈ ਕੇ ਸਾਰੇ ਪੌੜਾਂ ਦੀ ਸੇਵਾ ਕਰਦਾ ਜੇ। ਜਿੱਥੋਂ ਸੰਗਤ ਹਰਿਮੰਦਰ ਸਾਹਿਬ ਤੋਂ ਬਾਹਰ ਨਿਕਲਦੀ ਹੈ ਉਸ ਦਰਵਾਜ਼ੇ ਦੀ ਸੇਵਾ ਕਰਨੀ। ਫਿਰ ਪੌੜਾਂ ਦੀ ਸੇਵਾ ਕਰਨੀ। ਇੱਥੇ ਗੁਰੂ ਪਿਆਰਿਓ! ਗੁਰੂ ਦੇ ਘਰੋਂ ਵਰੋਸਾਏ ਲੋਕ ਵੀ ਆਉਂਦੇ ਹਨ ਤੇ ਪਾਪੀ ਲੋਕ ਵੀ ਆਉਂਦੇ ਸਾਡੇ ਵਰਗੇ ਜਿਨ੍ਹਾਂ ਦੀ ਸ਼ਰਧਾ ਹੀ ਕੋਈ ਨਹੀਂ। ਜਿਹੜੇ ਇਹਨੂੰ ਪਾਣੀ ਕਹਿੰਦੇ ਹਨ ਤੇ ਹਰਿਮੰਦਰ ਸਾਹਿਬ ਨੂੰ ਇਮਾਰਤ ਕਹਿੰਦੇ ਹਨ। ਹਰਿ ਕੀ ਪੌੜੀ ਤੋਂ ਜਲ ਪਾਉਣਾ ਤੇ ਉਹ ਜਲ ਲਿਆ ਕੇ ਉਸ ਬੱਚੇ ਦੇ ਸਿਰ ਵਿੱਚ ਨਿਚੋੜਨਾ, ਉਸ ਦੀਆਂ ਅੱਖਾਂ ਵਿੱਚ ਪਾਉਣਾ ਤੇ ਉਸਦੀ ਬਾਂਹ ਤੇ ਲੱਤ ਤੇ ਉਹ ਰੁਮਾਲ ਫੇਰਨਾ। ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਕ੍ਰਿਪਾ ਕੀਤੀ, ਹੁਣ ਉਸਦੀ ਬਾਂਹ ਵੀ ਚੱਲਦੀ ਜੇ, ਅੱਖਾਂ ਨੂੰ ਦਿੱਸਦਾ ਜੇ ਤੇ ਡਿਊਟੀ ਵੀ ਕਰਦਾ ਜੇ।

ਇਹ ਮੈਂ ਘਰ ਦੀ ਗੱਲ ਆਪ ਜੀ ਨੂੰ ਦੱਸੀ ਹੈ। ਗੁਰੂ ਕੇ ਪਿਆਰਿਓ ਇਹ ਸ਼ਕਤੀ ਦਾ ਸੋਮਾ ਹੈ। ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੇ ਡਿਊਟੀ ਕਰਦਿਆਂ ਹਜ਼ਾਰਾਂ ਕੌਤਕ ਵੇਖੇ ਹੁਣ ਕਿਹੜਾ-ਕਿਹੜਾ ਬਿਆਨ ਕਰੀਏ। ਇਸ ਦਰ ਵਰਗਾ ਹੋਰ ਕੋਈ ਦਰ ਨਹੀਂ। ਤਾਂ ਹੀ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫ਼ਰਮਾਇਆ ਹੈ:

***ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥***

***(ਅੰਗ ੧੩੬੨)***

# ਸ੍ਰੀ ਹਰਿਮੰਦਰ ਸਾਹਿਬ ਜਾਣ ਦੀਆਂ ਜੁਗਤੀਆਂ

## ਬਾਬਾ ਖੇਮ ਸਿੰਘ ਜੀ ਦਾ ਬਚਨ

*ਹਰਿ ਜਪੇ ਹਰਿ ਮੰਦਰੁ ਸਾਜਿਆ*
*ਸੰਤ ਭਗਤ ਗੁਣ ਗਾਵਹਿ ਰਾਮ ॥*

*(ਅੰਗ ੭੮੧)*

ਮੋਗੇ ਦੇ ਕੋਲ ਇੱਕ ਪਿੰਡ ਹੈ, ਉੱਥੋਂ ਦੇ ਰਹਿਣ ਵਾਲੇ ਰਣਜੀਤ ਸਿੰਘ ਤੇ ਉਹ 22 ਸਾਲ ਬਾਬਾ ਖੇਮ ਸਿੰਘ ਜੀ ਦੇ ਚਰਨਾਂ ਵਿੱਚ ਰਹੇ। ਇੱਕ ਦਿਨ ਮਨ ਵਿੱਚ ਆਇਆ ਕਿ ਭੁੱਚੋ ਮੰਡੀ ਤੋਂ ਇੱਕ ਹਫਤਾ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਦਰਬਾਰ ਸਾਹਿਬ ਲਗਾ ਕੇ ਆਈਏ, ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਦਰਸ਼ਨਾਂ ਵਾਸਤੇ। ਬਾਬਾ ਜੀ ਕੋਲੋਂ ਆਗਿਆ ਮੰਗੀ। ਬਾਬਾ ਜੀ, ਮੇਰਾ ਮਨ ਹੈ, ਸ੍ਰੀ ਹਰਿਮੰਦਰ ਸਾਹਿਬ ਇੱਕ ਹਫਤਾ ਮੈਂ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੇ ਦਰਸ਼ਨ ਕਰਨ ਜਾਵਾਂ। ਮੈਨੂੰ ਆਗਿਆ ਹੈ। ਬਾਬਾ ਖੇਮ ਸਿੰਘ ਜੀ ਨੇ ਕਿਹਾ, ਹਾਂ ਆਗਿਆ ਹੈ। ਕਹਿਣ ਲੱਗਾ, ਬਾਬਾ ਜੀ ਆਗਿਆ ਹੋਵੇ ਤਾਂ ਸਵੇਰੇ ਹੀ ਨਿਕਲ ਜਾਵਾਂ। ਚੰਗਾ, ਨਿਕਲ ਜਾ। ਲਿਖਿਆ ਹੈ, ਸਾਖੀਆਂ ਵਿੱਚ ਰਾਤੀਂ ਆਗਿਆ ਲੈ ਲਈ ਸੀ ਤੇ ਫਿਰ ਰਣਜੀਤ ਸਿੰਘ ਸਵੇਰੇ ਭੁੱਚੋ ਸਾਹਿਬ ਦੇ ਬਾਹਰਲੇ ਗੇਟ ਤੋਂ ਮੱਥਾ ਟੇਕ ਕੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਲਈ ਨਿਕਲੇ ਤੇ ਜਦੋਂ ਨਿਕਲੇ ਤਾਂ ਬਾਬਾ ਖੇਮ ਸਿੰਘ ਜੀ ਸੇਵਾਦਾਰ ਨੂੰ ਰਣਜੀਤ ਸਿੰਘ ਦੇ ਪਿੱਛੇ ਭੇਜ ਕੇ ਕਹਿੰਦੇ ਰਣਜੀਤ ਸਿੰਘ ਨੂੰ ਬੁਲਾ ਕੇ ਲਿਆਓ। ਸ੍ਰੀ ਹਰਿਮੰਦਰ ਸਾਹਿਬ ਜਾਣਾ ਹੈ ਤੇ ਪਹਿਲਾਂ ਜਾਣ ਦੀ ਜੁਗਤੀ ਤਾਂ ਸਿੱਖ ਲੈ। ਉਹ ਆ ਗਏ, ਅੰਦਰ, ਰਣਜੀਤ ਸਿੰਘ ਜੀ। ਬਾਬਾ ਜੀ ਕਹਿੰਦੇ, ਸ੍ਰੀ ਹਰਿਮੰਦਰ ਸਾਹਿਬ ਚੱਲਿਆ ਹੈਂ, ਜਾਣ ਦੀ ਜੁਗਤੀ ਹੈ। ਸਾਖੀ ਵਿੱਚ ਲਿਖਿਆ ਹੈ, ਉਨ੍ਹਾਂ ਨੇ ਅੱਗੋਂ ਹੱਥ ਜੋੜ ਕੇ ਆਖਿਆ, ਬਾਬਾ ਜੀ, ਸੁਮੱਤ ਬਖਸ਼ੋ।

*—ਦਾਸ ਭਾਈ ਗੁਰਇਕਬਾਲ ਸਿੰਘ*

ਮਹਾਂਪੁਰਸ਼ੋ, ਸੁਮੱਤ ਬਖਸ਼ੋ ਤੇ ਦਾਸ ਲਫਜ਼ ਸੁਣ ਕੇ ਹੈਰਾਨ ਹੋ ਗਿਆ, ਇੱਕ ਸਵਾਸ ਨਹੀਂ ਬਿਰਥਾ ਬਾਬਾ ਖੇਮ ਸਿੰਘ ਜੀ ਦੀ ਇੰਨੀ ਕਮਾਈ। ਦਾਸ ਨੂੰ ਵੀ ਇੱਕ ਦਿਨ ਉਨ੍ਹਾਂ ਨੇ ਲਾਡ ਨਾਲ ਬਚਨ ਕੀਤੇ। ਦਾਸ ਕੋਲ ਬੈਠਾ, ਬਾਬਾ ਜੀ ਕੁਰਸੀ ਤੇ ਬੈਠੇ ਸੀ ਤੇ ਬਹੁਤ ਪਿਆਰ ਨਾਲ ਨਿਗ੍ਹਾ ਕਰਕੇ ਕਹਿੰਦੇ :

*ਸਾਜਨ ਸੰਤ ਕਰਹੁ ਇਹੁ ਕਾਮੁ ॥*
*ਆਨ ਤਿਆਗਿ ਜਪਹੁ ਹਰਿ ਨਾਮੁ ॥*

*(ਅੰਗ ੨੯੦)*

ਦਾਸ ਨੂੰ ਕਹਿੰਦੇ, ਤੂੰ ਇਹ ਡਿਊਟੀ ਦੇਣੀ ਹੈ। ਉਨ੍ਹਾਂ ਦੇ ਬਚਨ ਮੌਜ ਵਿੱਚ ਆਏ ਤੇ ਫਿਰ ਇਹ ਵਰਤਦੇ ਹਨ:

*ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥*
*ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥*

*(ਅੰਗ ੨੯੦)*

ਆਹ ਕੰਮ ਕਰਨਾ ਹੈ, ਨਾਮ ਨਾਲ ਸੰਗਤ ਨੂੰ ਜੋੜਨਾ ਹੈ। ਰਣਜੀਤ ਸਿੰਘ ਕਹਿੰਦੇ, ਮੇਰੇ ਕੋਲ ਜੁਗਤੀ ਨਹੀਂ। ਸੁਮੱਤ ਬਖਸ਼ੋ। ਮੈਂ ਤਾਂ ਇੰਝ ਹੀ ਜਾ ਰਿਹਾ ਹਾਂ। ਉਸ ਵੇਲੇ ਦੀਆਂ ਕਿਤਾਬਾਂ ਵਿੱਚ ਪੜ੍ਹਿਆ, ਬਾਬਾ ਖੇਮ ਸਿੰਘ ਜੀ ਨੇ ਪਹਿਲਾ ਬਚਨ ਕੀਤਾ। ਬਾਬਾ ਖੇਮ ਸਿੰਘ ਜੀ, ਕਮਾਈ ਵਾਲੇ



ਮਹਾਂਪੁਰਸ਼, ਕਹਿਣ ਲੱਗੇ, ਸ੍ਰੀ ਹਰਿਮੰਦਰ ਜੀ ਦਾ ਅਸਥਾਨ, ਇਸ ਕਲਯੁੱਗ ਦੀ ਧਰਤੀ ਤੇ ਸਭ ਤੋਂ ਉੱਚਾ ਅਸਥਾਨ ਹੈ। ਐਵੇਂ ਨਹੀਂ ਬਾਬਾ ਦੀਪ ਸਿੰਘ ਜੀ ਨੇ ਇਸ ਅਸਥਾਨ ਲਈ ਸੀਸ ਦਿੱਤਾ। ਇਹ ਧਰਤੀ ਤੇ ਸਭ ਤੋਂ ਉੱਚਾ ਅਸਥਾਨ ਹੈ। ਦੂਜਾ ਬਚਨ, ਬਾਬਾ ਖੇਮ ਸਿੰਘ ਜੀ ਨੇ ਕੀਤਾ। ਕਹਿੰਦੇ, ਇਹੋ ਜਿਹੇ ਅਸਥਾਨ ਤੇ ਜਾਣ ਦੀ ਜੁਗਤੀ ਹੋਵੇ ਤੇ ਪੂਰਾ ਮਹਾਤਮ ਝੋਲੀ ਵਿੱਚ ਪੈਂਦਾ ਹੈ। ਕਹਿੰਦੇ, ਰਣਜੀਤ ਸਿਆਂ, ਹਫਤੇ ਲਈ ਚਲਿਆ ਹੈਂ। ਪਹਿਲਾਂ ਤਾਂ ਇਹ ਭਾਵਨਾ ਬਣਾ ਕੇ ਜਾਂਈਂ, ਸਾਰੇ ਕਲਯੁੱਗ ਵਿੱਚ ਜਿੰਨੀਆਂ ਧਰਤੀਆਂ ਹਨ, ਇਹ ਸਭ ਤੋਂ ਵੱਡਾ ਅਸਥਾਨ ਹੈ। ਦੂਜੀ ਗੱਲ ਕੀ ਕੀਤੀ? ਕਹਿਣ ਲੱਗੇ, ਹਫਤੇ ਲਈ ਸ੍ਰੀ ਹਰਿਮੰਦਰ ਸਾਹਿਬ ਚਲਿਆ ਹੈਂ, ਰੋਜ਼ ਦੋ ਘੰਟੇ ਵਾਹਿਗੁਰੂ-ਵਾਹਿਗੁਰੂ ਜਪਦਿਆਂ ਝਾੜੂ ਦੇਣਾ ਹੈ। ਦੋ ਘੰਟੇ ਵਾਹਿਗੁਰੂ-ਵਾਹਿਗੁਰੂ ਜਪਦਿਆਂ ਬਰਤਨਾਂ ਦੀ ਸੇਵਾ ਕਰਨੀ ਹੈ। ਦੋ ਘੰਟੇ ਵਾਹਿਗੁਰੂ-ਵਾਹਿਗੁਰੂ ਜਪਦਿਆਂ ਜੋੜਿਆਂ ਦੀ ਸੇਵਾ ਕਰਨੀ ਹੈ। ਇਸ ਤਰ੍ਹਾਂ ਜਾਣਾ ਹੈ। ਰਣਜੀਤ ਸਿੰਘ, ਇਹ ਤਿੰਨ ਕੰਮ ਕਰਨੇ ਹਨ, ਦੋ-ਦੋ ਘੰਟੇ ਕਰਕੇ। ਫਿਰ ਕਹਿਣ ਲੱਗੇ, ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿੱਚ ਬੈਠ ਕੇ ਦਸ ਪਾਠ ਜਪੁਜੀ ਸਾਹਿਬ ਹਾਜ਼ਰੀ ਲਗਾਉਣੀ ਹੈ। ਹੁਣ ਧਿਆਨ ਦੇਣਾ, ਪੂਰਨ ਮਹਾਂਪੁਰਸ਼ ਦੀ ਰਸਨਾ ਦਾ ਬਚਨ ਹੈ। ਦਾਸ ਹੈਰਾਨ ਹੋ ਗਿਆ, ਪੜ੍ਹ ਕੇ। ਬਾਬਾ ਖੇਮ ਸਿੰਘ ਜੀ ਨੇ ਰਣਜੀਤ ਸਿੰਘ ਨੂੰ ਕਿਹਾ, ਸ੍ਰੀ ਹਰਿਮੰਦਰ ਸਾਹਿਬ, ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਪ੍ਰਕਰਮਾ ਵਿੱਚ ਬਹੁਤ ਸਾਰੇ ਮਹਾਂਪੁਰਸ਼ਾਂ ਤੇ ਸ਼ਹੀਦ ਸਿੰਘਾਂ ਨੇ ਤਪ ਤੇ ਬੰਦਗੀ ਕੀਤੀ ਹੋਈ ਹੈ। ਉੱਥੇ ਕੋਈ ਅੱਧਾ ਘੰਟਾ, ਘੰਟਾ ਵੀ ਕੀਰਤਨ ਸੁਣ ਲਵੇ ਤੇ ਕਈ ਘੰਟੇ ਕੀਰਤਨ ਸੁਣਨ ਦਾ ਮਹਾਤਮ ਝੋਲੀ ਵਿੱਚ ਪੈ ਜਾਂਦਾ ਹੈ। ਫਿਰ ਕਹਿਣ ਲੱਗੇ, ਰਣਜੀਤ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿੱਚ ਇੱਕ ਪਾਠ ਜਪੁਜੀ ਸਾਹਿਬ ਕਰ ਲਈਏ, ਅਨੇਕਾਂ ਪਾਠ ਜਪੁਜੀ ਸਾਹਿਬ ਦਾ ਮਹਾਤਮ ਝੋਲੀ ਵਿੱਚ ਪੈ ਜਾਂਦਾ ਹੈ। ਲਿਖਿਆ ਹੈ ਕਿ ਜਦੋਂ ਰਣਜੀਤ ਸਿੰਘ ਸੁਮੱਤ ਲੈ ਕੇ ਚਲਿਆ ਤੇ ਨਾਲ ਦੇ ਸਾਥੀ ਨੂੰ ਕਿਹਾ, ਬਾਬਾ ਖੇਮ ਸਿੰਘ ਜੀ ਨੇ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰ ਤੇ ਜਾਣ ਤੋਂ ਪਹਿਲਾਂ ਹੀ ਸਾਡੀ ਬੈਟਰੀ ਚਾਰਜ ਕਰ ਦਿੱਤੀ ਹੈ।

***ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥***

***(ਅੰਗ ੧੩੬੨)***

***

# ਕੁਦਰਤੀ ਚਮਤਕਾਰ

30 ਅਪ੍ਰੈਲ 1877 ਦਾ ਦਿਹਾੜਾ ਸੀ। ਉਸ ਵੇਲੇ ਸਾਢੇ ਚਾਰ ਵਜੇ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਅੰਮ੍ਰਿਤ ਵੇਲਾ ਕੀਰਤਨ ਹੋ ਰਿਹਾ ਸੀ। ਸੁਰਤ ਜੋੜ ਕੇ ਸੰਗਤ ਬੈਠੀ ਕੀਰਤਨ ਸਰਵਣ ਕਰ ਰਹੀ ਸੀ। ਸਤਿਜੁਗ ਦਾ ਸੁਹਾਵਣਾ ਸਮਾਂ ਸੀ। ਉਸ ਸਮੇਂ ਸਦਰ ਦਰਵਾਜ਼ੇ ਰਾਹੀਂ ਬਲਦਾ ਗੋਲਾ ਇੱਕ ਚੱਕਰ ਵਾਂਗ ਘੁੰਮਦਾ ਹੋਇਆ ਅੰਦਰ ਦਾਖਲ ਹੋਇਆ। ਲਿਸ਼ਕ ਇੰਨੀ ਤੇਜ਼ ਸੀ ਕਿ ਸਭ ਦੀਆਂ ਅੱਖਾਂ ਚੁੰਧਿਆ ਗਈਆਂ ਤੇ ਇੰਨੀ ਰੋਸ਼ਨੀ ਕਦੀ ਕਿਸੇ ਨੇ ਦੇਖੀ ਨਹੀਂ ਸੀ। ਕਿਉਂਕਿ ਉਸ ਸਮੇਂ ਬਿਜਲੀ ਨਹੀਂ ਸੀ ਹੁੰਦੀ। ਸ੍ਰੀ ਹਰਿਮੰਦਰ ਸਾਹਿਬ ਵਿੱਚ ਘਿਓ ਦੀਆਂ ਜੋਤਾਂ ਜਗਦੀਆਂ ਸਨ।

ਉਹ ਬਲਦਾ ਚੱਕਰ- ਜਿਸ ਨੂੰ ਸਧਾਰਨ ਬੰਦਿਆਂ ਨੇ ਇਹ ਸਮਝਿਆ ਕਿ ਬਿਜਲੀ ਪਈ ਪਰ ਅਕਾਸ਼ ਉੱਤੇ ਬੱਦਲ ਮਾਮੂਲੀ ਸਨ। ਸਭ ਨੇ 'ਧੰਨ ਗੁਰੂ ਰਾਮਦਾਸ- ਧੰਨ ਗੁਰੂ ਰਾਮਦਾਸ' ਦਾ ਸਿਮਰਨ ਕੀਤਾ।

ਸਤਿਨਾਮ ਵਾਹਿਗੁਰੂ-ਵਾਹਿਗੁਰੂ ਦੀ ਧੁਨ ਉਪਜੀ, ਕਈ ਤਾਂ ਬਿਜਲੀ ਰੂਪ ਸ਼ਕਤੀ ਨੂੰ ਦੇਖ ਕੇ ਲੇਟ ਗਏ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਮਰ ਗਏ ਮੰਨ ਲਿਆ।

ਉਹ ਬਿਜਲੀ-ਰੂਪ ਚੱਕਰ ਜਿਵੇਂ ਆਇਆ ਅੰਦਰ ਘੁੰਮਕੇ ਤਿਵੇਂ ਉਹ ਬਾਹਰ ਨੂੰ ਚਲਿਆ ਗਿਆ। ਜਾਣ ਵੇਲੇ ਇੰਨਾ ਖੜਕਾ ਹੋਇਆ ਕਿ ਸ਼ਹਿਰ ਦੇ ਲੋਕ ਕੰਬ ਗਏ ਪਰ ਸ੍ਰੀ ਹਰਿਮੰਦਰ ਸਾਹਿਬ ਅੰਦਰ ਰਤਾ ਜਿੰਨਾ ਨੁਕਸਾਨ ਨਹੀਂ ਹੋਇਆ। ਨਾ ਕਿਤੇ ਕਾਲਾ ਦਾਗ ਲੱਗਾ, ਨਾ ਕਿਸੇ ਰਾਗੀ, ਗ੍ਰੰਥੀ, ਸੇਵਾਦਾਰ ਅਤੇ ਸੰਗਤ ਵਿੱਚੋਂ ਕਿਸੇ ਇਸਤਰੀ-




ਪੁਰਸ਼ ਨੂੰ ਰਤਾ ਵੀ ਤਕਲੀਫ ਨਾ ਹੋਈ। ਜਿਹੜੇ ਭੈ ਨਾਲ ਡਿੱਗ ਪਏ ਸਨ ਜਾਂ ਬੇਸੁਰਤ ਹੋਏ ਸੀ, ਉਹ ਵੀ ਹੋਸ਼ ਵਿੱਚ ਆ ਗਏ ਤੇ 'ਧੰਨ ਗੁਰੂ ਰਾਮਦਾਸ! ਧੰਨ ਗੁਰੂ ਰਾਮਦਾਸ!' ਉਚਾਰਦੇ ਹੋਏ ਹੋਸ਼ ਵਿੱਚ ਆ ਗਏ। 'ਗੁਰੂ ਮਹਾਰਾਜ ਜੀ ਨੇ ਪ੍ਰਗਟ ਸ਼ਕਤੀ ਦਿਖਾਈ।'

# ਅਨਮੋਲ ਬਚਨ

1 ਬਾਬਾ ਨੰਦ ਸਿੰਘ ਜੀ ਇੱਥੋਂ ਤੱਕ ਬਚਨ ਕਰਦੇ ਸੀ, ਜੇ ਸੰਗਤ ਵਿੱਚ ਗਰਮੀ ਵੀ ਲੱਗੇ ਤਾਂ ਮਨ ਵਿੱਚ ਦੂਜੇ ਖਿਆਲ ਨਾ ਲਿਆਵੀਂ ਕਿ ਕਿੱਥੇ ਆ ਗਿਆ ਹਾਂ, ਇੰਨੀ ਗਰਮੀ ਹੈ। ਕਹਿੰਦੇ, ਜਿਹੜੀ ਗਰਮੀ ਸੰਗਤ ਵਿੱਚ ਸਹਿਜ ਸੁਭਾਅ ਸਹਾਰ ਲਵੇਂਗਾ, ਕਈ ਗੁਣਾਂ ਨਰਕਾਂ ਦੀ ਗਰਮੀ ਤੇਰੀ ਕੱਟੀ ਜਾਏਗੀ।

*—ਬਾਬਾ ਨੰਦ ਸਿੰਘ ਜੀ*

2 ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਦੀ ਸੇਵਾ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਸਰੀਰ ਦੀ ਸੇਵਾ ਹੈ।

*—ਬਾਬਾ ਜੈਮਲ ਸਿੰਘ ਜੀ (ਭੂਰੀ ਵਾਲੇ)*

3 ਸ੍ਰੀ ਦਰਬਾਰ ਸਾਹਿਬ ਜਾਂਦੇ ਹੋ ਪੁੱਲ ਦੇ ਉੱਪਰ ਜਿੰਨਾ ਮਰਜ਼ੀ ਰਸ਼ ਹੋਵੇ, ਜਿੰਨੇ ਮਰਜ਼ੀ ਧੱਕੇ ਵੱਜਣ ਕਦੀ ਇਹ ਨਹੀਂ ਬੋਲਣਾ ਕਿਸੇ ਨੂੰ ਕਿ ਮੈਨੂੰ ਧੱਕਾ ਕਿਉਂ ਮਾਰਿਆ ਹੈ? ਸੰਗਤ ਵਿੱਚ ਪਤਾ ਨਹੀਂ ਧੰਨ ਸ੍ਰੀ ਗੁਰੂ ਰਾਮਦਾਸ ਜੀ ਕਿਸਦੇ ਨਾਲ ਖੜ੍ਹੇ ਹੋਣ, ਸੰਗਤ ਦਾ ਸਤਿਕਾਰ ਕਰਿਓ।

*—ਭਾਈ ਗੁਰਇਕਬਾਲ ਸਿੰਘ*

4 ਸ੍ਰੀ ਹਰਿਮੰਦਰ ਸਾਹਿਬ ਉਹ ਸੁਭਾਗੀ ਧਰਤੀ ਹੈ, ਜਿੱਥੇ ਦਸ ਗੁਰੂ ਸਾਹਿਬਾਨਾਂ ਵਿੱਚੋਂ ਅੱਠ ਗੁਰੂ ਸਾਹਿਬ ਦੇ ਚਰਨ ਪਏ ਹਨ। ਪਹਿਲੀਆਂ ਸੱਤ ਪਾਤਸ਼ਾਹੀਆਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਸੱਤਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੱਕ ਤੇ ਨੌਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਪਏ ਹਨ।

*—ਡਾ. ਸਰੂਪ ਸਿੰਘ ਅਲੱਗ*

5 ਜਦੋਂ ਸਰੋਵਰ ਦੀ ਖੁਦਾਈ ਹੋਈ, ਧੰਨ ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਆਪਣੇ ਹੱਥੀਂ ਸੇਵਾ ਕਰਕੇ ਇਹਦੇ ਕਣ-ਕਣ ਵਿੱਚ ਅੰਮ੍ਰਿਤ ਭਰ ਦਿੱਤਾ।

*—ਡਾ. ਸਰੂਪ ਸਿੰਘ ਅਲੱਗ*

## ਸ੍ਰੀ ਹਰਿਮੰਦਰ ਸਾਹਿਬ ਦੀਆਂ ਵਡਿਆਈਆਂ

# ਭਗਤੀ ਤੇ ਸ਼ਕਤੀ ਦਾ ਸੋਮਾ: ਸ੍ਰੀ ਹਰਿਮੰਦਰ ਸਾਹਿਬ

*—ਸੰਪਾਦਕ*

1. ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਅੰਦਰ ਕਿਹੜਾ ਦਇਆ ਦਾ ਸੋਮਾ ਫੁੱਟਿਆ ਹੈ, ਰਹਿੰਦੀ ਦੁਨੀਆਂ ਤੱਕ ਜਗਤ ਦਾ ਉਧਾਰ ਹੋ ਰਿਹਾ ਹੈ। ਐਸੇ ਦਿਆਲੂ ਦਾਤੇ ਦੇ ਹਿਰਦੇ ਦੀਆਂ ਬਾਤਾਂ। ਦਰਸ਼ਨੀ ਡਿਉਢੀ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ 84 ਕਦਮ ਬਣਦੇ ਹਨ। 84 ਕਦਮ ਇਸ ਗੱਲ ਦਾ ਪ੍ਰਤੀਕ ਹਨ ਕਿ ਜਿਹੜਾ ਵੀ ਦਰਬਾਰ ਸਾਹਿਬ ਮੋਹ ਛੱਡ ਕੇ, ਹੰਕਾਰ ਛੱਡ ਕੇ, ਲਾਲਚ ਛੱਡ ਕੇ ਪੂਰਾ ਮਨ ਨੀਵਾਂ ਕਰਕੇ ਦਰਸ਼ਨੀ ਡਿਉਢੀ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ 84 ਕਦਮ ਜਾਏਗਾ, ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਜੇ ਦਿਆਲਤਾ ਦੇ ਘਰ ਵਿੱਚ ਆ ਜਾਣ ਤੇ ਉਸ ਦੀ 84 ਕੱਟੀ ਜਾਵੇਗੀ।

2. ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਲੰਗਰ ਘਰ ਵੱਲੋਂ ਕਿਤੇ ਦਰਬਾਰ ਸਾਹਿਬ ਆਓ ਤੇ ਦੂਰੋਂ ਵੇਖਣ ਤੇ ਦਰਬਾਰ ਸਾਹਿਬ ਜਹਾਜ਼ ਵਾਂਗ ਲੱਗੇਗਾ। ਕਦੀ ਸ਼ਰਧਾ ਨਾਲ ਵੇਖੋ ਤੇ ਇੰਝ ਲੱਗੇਗਾ ਜਿਵੇਂ ਅੰਦਰ ਸ਼ਰਧਾਲੂ ਬੈਠੇ ਹਨ, ਸੰਗਤ ਬੈਠੀ ਹੈ ਤੇ ਉਹ ਸਾਰੇ ਜਹਾਜ਼ ਦੇ ਯਾਤਰੂ ਹਨ। ਵੱਡੀ ਗੱਲ ਇਹ ਹੈ ਕਿ ਇਸ ਦਾ ਚਾਲਕ ਪਰਮੇਸ਼ਰ ਆਪ ਹੈ।

3. ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇੱਕ ਵਾਰ ਸੰਗਤ ਨੂੰ ਬਚਨ ਸੁਣਾਇਆ, ਕਹਿੰਦੇ ਸਾਨੂੰ ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਸੁਣਾਇਆ ਹੈ, ਗੁਰੂਆਂ ਵਿੱਚੋਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਭ ਤੋਂ ਵੱਡੇ ਹਨ ਤੇ ਤੀਰਥਾਂ ਵਿੱਚੋਂ ਸ੍ਰੀ ਹਰਿਮੰਦਰ ਸਾਹਿਬ ਸਭ ਤੋਂ ਵੱਡਾ ਤੀਰਥ ਹੈ। ਇਸ ਤੀਰਥ ਦੀ ਸੇਵਾ ਸਾਡੀ ਸੇਵਾ ਹੋਵੇਗੀ।

4. ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਰਸਨਾ ਵਿੱਚੋਂ ਵੀ ਸ੍ਰੀ ਹਰਿਮੰਦਰ ਸਾਹਿਬ ਬਾਰੇ ਵਰਦਾਨ ਨਿਕਲੇ ਹਨ। ਸ੍ਰੀ ਹਰਿਮੰਦਰ ਸਾਹਿਬ ਦੇ ਚਾਅ ਵਿੱਚ ਕਈ ਸਿੱਖ ਸੰਗਤਾਂ ਅੰਮ੍ਰਿਤਸਰ ਵੱਸ ਗਈਆਂ ਪਰ ਵੱਸੋਂ ਘੱਟ ਹੋਣ ਕਰਕੇ ਕਾਰੋਬਾਰ ਢਿੱਲਾ ਸੀ ਤੇ ਆਰਥਿਕ ਹਾਲਤ ਤੰਗੀ ਵਾਲੀ ਹੋ ਗਈ। ਸਾਰੀਆਂ ਸਿੱਖ ਸੰਗਤਾਂ ਨੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਆ ਕੇ ਬੇਨਤੀ ਕੀਤੀ, ਮਹਾਰਾਜ ਜੀ ! ਕਾਰੋਬਾਰ ਢਿੱਲਾ ਹੈ, ਕਿਵੇਂ ਕਰੀਏ? ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਚਨ ਕੀਤਾ, ਸ੍ਰੀ ਹਰਿਮੰਦਰ ਸਾਹਿਬ ਪੂਰੀ ਭਾਵਨਾ ਨਾਲ ਰੋਜ਼ ਦਰਸ਼ਨ ਕਰਨੇ ਹਨ, ਕੁਝ ਸਮਾਂ ਬੈਠਣਾ ਹੈ, ਕੀਰਤਨ ਸੁਣਨਾ ਹੈ। ਇਸ ਨਾਲ ਜਿੱਥੇ ਆਤਮਿਕ ਖੇੜਾ ਮਿਲੇਗਾ, ਉੱਥੇ ਸੰਸਾਰਿਕ ਸੁੱਖਾਂ ਦੀ ਵੀ ਪ੍ਰਾਪਤੀ ਹੋਵੇਗੀ ਤੇ ਨਾਲ

ਕਾਰੋਬਾਰ ਵੀ ਉੱਨਤੀ ਕਰੇਗਾ। ਨਾਲ ਇਹ ਵੀ ਬਚਨ ਕੀਤਾ, ਇੱਥੇ ਦਰਸ਼ਨ ਕਰਨ ਆਉਣ ਵਾਲਿਆਂ ਨੂੰ ਕਿਸੇ ਦੁਨਿਆਵੀ ਪਦਾਰਥਾਂ ਦੀ ਕਮੀ ਨਹੀਂ ਰਹੇਗੀ।

5. ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਹਨ ਤੇ ਇਨ੍ਹਾਂ ਚਾਰ ਦਰਵਾਜ਼ਿਆਂ ਦੇ ਬਾਹਰ ਨਾ ਕੋਈ ਜਿੰਦਰਾ ਹੈ, ਨਾ ਕੁੰਡਾ ਹੈ, ਨਾ ਚਾਬੀ ਹੈ। ਕੁੰਡਾ ਲੱਗਦਾ ਹੀ ਨਹੀਂ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਾਹਰੋਂ ਜਿੰਦਰੇ ਕੁੰਡੇ ਦੀ ਵਿਵਸਥਾ ਰੱਖੀ ਹੀ ਨਹੀਂ। ਕਿਉਂ? ਜਿੰਦਰਾ ਕੁੰਡਾ ਉਸ ਸਮੇਂ ਲਗਾਇਆ ਜਾਂਦਾ ਹੈ ਜਦੋਂ ਘਰ ਦਾ ਮਾਲਕ, ਘਰ ਵਾਲਾ ਬਾਹਰ ਚਲਾ ਜਾਵੇ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਗੇਟਾਂ ਤੇ ਕੁੰਡੇ ਦੀ ਵਿਵਸਥਾ ਹੀ ਨਹੀਂ। ਭਾਵ ਕੀ ਹੈ? ਧੰਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਹਰ ਵੇਲੇ ਅੰਦਰ ਹੀ ਬੈਠੇ ਹਨ, ਕਿਤੇ ਗਏ ਹੀ ਨਹੀਂ।

6. ਭਾਈ ਨੰਦ ਲਾਲ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸਿਫਤਿ ਵਿੱਚ ਬੜੀ ਪਿਆਰੀ ਗੱਲ ਲਿਖੀ। ਉਹ ਕਹਿੰਦੇ ਹਨ ਕਿ ਸ੍ਰੀ ਹਰਿਮੰਦਰ ਸਾਹਿਬ ਐਸਾ ਮਹਾਨ ਤੀਰਥ ਹੈ ਜਿੱਥੇ ਬਾਕੀ ਦੇ ਸਾਰੇ ਤੀਰਥ ਸੇਵਕ ਬਣ ਕੇ ਜਾਂਦੇ ਹਨ। ਇੱਥੇ ਸੇਵਕ ਬਣ ਕੇ ਹਾਜ਼ਰੀਆਂ ਭਰਦੇ ਹਨ।

7. ਭਾਈ ਵੀਰ ਸਿੰਘ ਜੀ ਦੀ ਕਲਮ ਨੇ ਵੀ ਇਹ ਬਚਨ ਲਿਖੇ ਹਨ। ਕਿਸੇ ਦੀ ਅਧਿਆਤਿਮਕ ਅਵਸਥਾ ਡਿੱਗ ਪਏ, ਇਸ ਤੋਂ ਵੱਡਾ ਦੁਖ ਕੋਈ ਨਹੀਂ। ਬਣੇ ਹੋਏ ਨੇਮ ਟੁੱਟ ਜਾਣ, ਰਸ ਤੱਕ ਪਹੁੰਚਿਆ ਹੋਵੇ ਤੇ ਡਿੱਗ ਪਵੇ, ਬੰਦਾ ਬੜਾ ਦੁਖੀ ਹੁੰਦਾ ਹੈ। ਫਿਰ ਉਨ੍ਹਾਂ ਦੀ ਕਲਮ ਨੇ ਵੀ ਲਿਖਿਆ ਹੈ। ਜਿਸ ਦਾ ਰਸ ਡਿੱਗ ਪਵੇ, ਰਸ ਖਤਮ ਹੋ ਜਾਵੇ, ਸ੍ਰੀ ਦਰਬਾਰ ਸਾਹਿਬ ਚੌਂਕੜਾ ਮਾਰ ਕੇ ਬੈਠ ਜਾਵੇ, ਧੰਨ ਸ੍ਰੀ ਗੁਰੂ ਰਾਮਦਾਸ ਜੀ ਦਾ ਘਰ ਦਰਗਾਹ ਦਾ ਚਸ਼ਮਾ ਹੈ। ਅਰਸ਼ਾਂ ਦਾ ਚਸ਼ਮਾ ਹੈ। ਉੱਥੇ ਅਰਸ਼ਾਂ ਵਿੱਚੋਂ ਦਰਗਾਹੀ ਦਾਤਾਂ, ਦਰਗਾਹੀ ਰਸ ਦਾ ਚਸ਼ਮਾ ਆਉਂਦਾ ਹੈ। ਜਿਸ ਦੀ ਅਵਸਥਾ ਡਿੱਗੀ ਹੋਵੇ, ਉਹ ਜਦੋਂ ਤਰਲਾ ਪਾ ਰਿਹਾ ਹੁੰਦਾ ਹੈ, ਧੰਨ ਸ੍ਰੀ ਗੁਰੂ ਰਾਮਦਾਸ ਜੀ ਉਸ ਚਸ਼ਮੇ ਦੇ ਰਾਹੀਂ ਉਸ ਦੀਆਂ ਬੈਟਰੀਆਂ ਫਿਰ ਚਾਰਜ ਕਰਕੇ ਝੋਲੀਆਂ ਭਰ ਦਿੰਦੇ ਹਨ, ਕਿਰਪਾ ਕਰ ਦਿੰਦੇ ਹਨ।

---

*— ਅਹਿਮਦ ਸਾਬਰੀ ਮੁਸਲਮਾਨ —*

**“ਹਿੰਦੂ ਕੋ ਅੰਦਰ ਜਾਤੇ ਹੁਏ ਦੇਖਾ, ਮੁਸਲਮਾਨ ਕੋ ਅੰਦਰ ਸੇ ਆਤੇ ਹੁਏ ਦੇਖਾ।**
**ਅਛੂਤ ਕੋ ਹਲਵਾ ਖਾਤੇ ਹੁਏ ਦੇਖਾ, ਸਿੱਖੋਂ ਕੋ ਬਾਣੀ ਗਾਤੇ ਹੁਏ ਦੇਖਾ।**
**ਆਬੇ ਹਯਾਤ ਕਾ ਸਰੋਵਰ ਹੈ ਜਹਾਂ ਬਹਿਤਾ ਸਚ ਪੂਛੋ ਤੋਂ ਖੁਦਾ ਜਹੀਂ ਹੈ ਰਹਿਤਾ।”**

ਬਚਨ ਬਾਬਾ ਨੰਦ ਸਿੰਘ ਜੀ

# ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥

*—ਹਰਵਿੰਦਰ ਸਿੰਘ*

ਧੰਨ ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ- ਤਿੰਨ ਤਰ੍ਹਾਂ ਦੀ ਬਾਰਸ਼ ਹੈ।

**ਪਹਿਲੀ ਬਾਰਸ਼** ਉਹ ਹੈ ਕਿਧਰੇ ਪੈ ਗਈ ਕਿਧਰੇ ਨਾ ਪਈ। ਬਾਬਾ ਜੀ ਕਹਿੰਦੇ ਜਦੋਂ ਗੁਟਕਾ ਸਾਹਿਬ ਲੈ ਕੇ ਪਾਠ ਕਰੀਏ ਇਹ ਉਹ ਬਾਰਸ਼ ਹੈ ਕਿਧਰੇ ਮਨ ਜੁੜ ਜਾਂਦਾ ਹੈ ਕਿਧਰੇ ਨਹੀਂ ਜੁੜਦਾ।

**ਦੂਸਰੀ ਬਾਰਸ਼** ਇਹੋ ਜਿਹੀ ਹੈ ਜਿਸਨੂੰ ਕਹਿੰਦੇ ਝੜੀ ਲੱਗ ਗਈ। ਉਹ ਝੜੀ ਜਦੋਂ ਲੱਗਦੀ ਹੈ ਤੇ ਛੱਤਾਂ 'ਚੋਂ ਪਾਣੀ, ਸਲਾਬ ਬਾਹਰ ਆ ਜਾਂਦੀ ਹੈ। ਬਾਬਾ ਜੀ ਦੱਸਦੇ ਸਨ ਕਥਾ ਸੁਣਨੀ ਇਹ ਝੜੀ ਲੱਗਣੀ ਹੈ ਜੋ ਅੰਦਰ ਧੱਸਦੀ ਹੈ। ਬਾਰਸ਼ ਨਾਲ ਤੁਲਨਾ ਕੀਤੀ ਹੈ।

**ਤੀਸਰੀ ਤਰ੍ਹਾਂ ਦੀ ਬਾਰਸ਼** ਜਿਹੜੀ ਬੜੀ ਤੇਜ ਮੋਹਲੇਧਾਰ ਦੋ ਮੀਟਰ ਦਾ ਟੋਟਾ ਵੀ ਲੰਘਣਾ ਹੋਵੇ ਬੰਦਾ ਭਿੱਜ ਜਾਂਦਾ ਹੈ। ਬਾਬਾ ਜੀ ਬਚਨ ਕਰਦੇ ਸਨ- ਗੁਰੂ ਦਾ ਸਿੱਖ ਸ੍ਰੀ ਹਰਿਮੰਦਰ ਸਾਹਿਬ ਬੈਠਾ ਕੀਰਤਨ ਸਰਵਣ ਕਰਦਾ ਹੋਵੇ ਉਹ ਮੋਹਲੇਧਾਰ ਬਾਰਸ਼ ਪੈਂਦੀ ਹੈ, ਪਾਪੀ ਹਿਰਦਾ ਵੀ ਇੱਕ ਵਾਰੀ ਭਿੱਜ ਜਾਂਦਾ ਹੈ। ਕੀਰਤਨ ਵਿੱਚ ਜੁੜ ਜਾਂਦਾ ਹੈ।

ਫਿਰ ਕਹਿੰਦੇ ਸਨ, ਕੀਰਤਨ ਦਾ ਅਰਥ ਕੀ+ਰਤਨ। ਕੀ ਵੱਖਰਾ ਕਰ ਦਿਓ ਤੇ ਰਤਨ ਵੱਖਰਾ ਕਰ ਦਿਓ। ਕੀਰਤਨ ਦੀ ਮਹਿਮਾ ਕਹਿੰਦੇ ਕੀ ਰਤਨ ਵੀ ਇਹਦਾ ਕੀ ਮੁਕਾਬਲਾ ਕਰ ਸਕਦੇ ਹਨ। ਵੱਡੇ-ਵੱਡੇ ਰਤਨ ਵੀ ਕੀਰਤਨ ਦੇ ਮੁਕਾਬਲੇ ਕੁਝ ਨਹੀਂ। ਕੀਰਤਨ ਨੂੰ ਇੰਨੀ ਵਡਿਆਈ ਦਿੱਤੀ।

ਮਹਾਂਪੁਰਖ ਫਿਰ ਕਹਿੰਦੇ ਸਨ, ਕੀਰ+ਤਨ। ਕੀਰ ਵੱਖਰਾ ਕਰ ਦਿਓ ਤੇ ਤਨ ਵੱਖਰਾ ਕਰ ਦਿਓ। ਕੀਰਤਨ ਇਹੋ ਜਿਹੀ ਦਾਤ ਹੈ ਜਿਹੜੀ ਧੰਨ ਗੁਰੂ ਨਾਨਕ ਦੇਵ ਜੀ ਤੇ ਧੰਨ ਗੁਰੂ ਅਰਜਨ ਦੇਵ ਜੀ ਨੇ ਸਾਡੀ ਝੋਲੀ ਵਿੱਚ ਪਾਈ ਹੈ। ਕਹਿੰਦੇ ਜਿਹੜੀ ਤਨ ਨੂੰ ਕੀਰ ਕੇ ਰੱਖ ਦਿੰਦੀ ਹੈ। ਇੱਕ ਵਾਰੀ ਪਾਪੀ ਦਾ ਮਨ ਵੀ ਜੁੜ ਜਾਂਦਾ ਹੈ ਤੇ ਸਾਧ ਸੰਗਤ ਉਹ ਧੰਨ ਗੁਰੂ ਰਾਮਦਾਸ ਜੀ ਦਾ ਦਰ ਜਿੱਥੇ ਹਰ ਵੇਲੇ ਇਹ ਮੋਹਲੇਧਾਰ ਬਾਰਸ਼ ਪੈ ਰਹੀ ਹੈ, ਜਦੋਂ ਕੋਈ ਪਾਪੀ ਵੀ ਜਾਵੇ ਤਾਂ ਮਨ ਭਿੱਜ ਹੀ ਜਾਂਦਾ ਹੈ, ਮਨ ਜੁੜ ਜਾਂਦਾ ਹੈ। ਪੱਕੀ ਗੱਲ ਹੈ ਇਹ ਉਹ ਅਸਥਾਨ ਹੈ ਜਿੱਥੇ ਅੱਠੇ ਪਹਿਰ ਆਤਮਾ ਦੀ ਖੁਰਾਕ ਮਿਲਦੀ ਹੈ। ਇੱਥੇ ਜਿਹੜਾ ਆਉਂਦਾ ਹੈ ਆਪਣੇ ਪਾਪ ਛੱਡ ਜਾਂਦਾ ਹੈ ਤੇ ਪੁੰਨ ਲੈ ਕੇ ਜਾਂਦਾ ਹੈ। ਇੱਥੇ ਜਿਹੜਾ ਆਉਂਦਾ ਹੈ ਆਪਣੇ ਅਵਗੁਣ ਛੱਡ ਜਾਂਦਾ ਹੈ ਤੇ ਗੁਣ ਲੈ ਕੇ ਜਾਂਦਾ ਹੈ। ਇੱਥੇ ਜਿਹੜਾ ਆਉਂਦਾ ਹੈ ਆਪਣੇ ਦੁਖ ਛੱਡ ਜਾਂਦਾ ਹੈ ਤੇ ਸੁੱਖ ਲੈ ਕੇ ਜਾਂਦਾ ਹੈ। ਇੱਥੇ ਜਿਹੜਾ ਆਉਂਦਾ ਹੈ ਆਪਣੀਆਂ ਚਿੰਤਾ ਛੱਡ ਜਾਂਦਾ ਹੈ ਤੇ ਖੁਸ਼ੀਆਂ ਲੈ ਕੇ ਜਾਂਦਾ ਹੈ।

ਧੰਨ ਗੁਰੂ ਰਾਮਦਾਸ ਜੀ ਦਾ ਦਰ ਇਤਨਾ ਵੱਡਾ ਹੈ ਕਿ ਇੱਥੇ ਅੱਠੇ ਪਹਿਰ ਤਨ ਦੀ ਖੁਰਾਕ ਵੀ ਮਿਲਦੀ ਹੈ ਤੇ ਆਤਮਾ ਦੀ ਖੁਰਾਕ ਵੀ ਅੱਠੇ ਪਹਿਰ ਮਿਲਦੀ ਹੈ ਫਿਰ ਕਿਉਂ ਨਾ ਕਹੀਐ :

***ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ ॥*** *(ਅੰਗ ੧੩੬੨)*

*—ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ*

# ਸ੍ਰੀ ਹਰਿਮੰਦਰ ਸਾਹਿਬ ਵਿਖੇ ਬਸੰਤ ਰਾਗ ਦੀ ਮਰਿਆਦਾ

***ਮਾਹਾ ਮਾਹ ਮੁਮਾਰਖੀ***
***ਚੜਿਆ ਸਦਾ ਬਸੰਤੁ ॥***
***ਪਰਫੜੁ ਚਿਤ ਸਮਾਲਿ***
***ਸੋਇ ਸਦਾ ਸਦਾ ਗੋਬਿੰਦੁ ॥੧॥***
***ਭੋਲਿਆ ਹਉਮੈ ਸੁਰਤਿ ਵਿਸਾਰਿ ॥***
***ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ***
***ਗੁਣੁ ਲੈ ਸਾਰਿ ॥੧॥ ਰਹਾਉ ॥***
*(ਅੰਗ ੧੧੬੮)*

**ਬਸੰਤੁ ਰਾਗ :** ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਬਸੰਤ ਰਾਗ ਗਾਉਣ ਦੀ ਪੁਰਾਤਨ ਸਮੇਂ ਤੋਂ ਜੋ ਮਰਯਾਦਾ ਚਲੀ ਆਉਂਦੀ ਹੈ ਉਹ ਹੋਰ ਕਿਸੇ ਅਸਥਾਨ ’ਤੇ ਨਹੀਂ। ਪਹਿਲਾਂ ਬਸੰਤ ਰਾਗ ਦੇ ਆਰੰਭ ਸੰਬੰਧੀ ਲੋਹੜੀ ਦੀ ਸ਼ਾਮ ਨੂੰ ਬਾਬਾ ਗੁਰਬਖਸ਼ ਸਿੰਘ ਜੀ ਦੇ ਸ਼ਹੀਦ ਗੰਜ ਜੋੜ ਮੇਲਾ ਹੁੰਦਾ ਹੈ, ਫਿਰ ਗੁ: ਥੜ੍ਹਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਵਿਖੇ ਸਮਾਗਮ ਹੁੰਦਾ ਹੈ, ਮਾਨੋ ਬਸੰਤ ਰਾਗ ਧਰਤੀ ’ਤੇ ਉਤਰ ਆਇਆ ਹੈ। ਲੋਹੜੀ ਦੀ ਰਾਤ ਨੂੰ 9 ਵਜੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਚਲਦਾ ਕੀਰਤਨ ਬੰਦ ਕਰਕੇ ਅਰਦਾਸੀਆ ਸਿੰਘ ਸਪੈਸ਼ਲ ਅਰਦਾਸ ਕਰਦਾ ਹੈ ਜਿਸ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਸੰਤ ਰਾਗ ਗਾਉਣ ਦੇ ਆਰੰਭ ਕਰਨ ਦੀ ਅਰਦਾਸ ਕੀਤੀ ਜਾਂਦੀ ਹੈ। ਅਰਦਾਸ ਉਪਰੰਤ ਰਾਗੀ ਸਿੰਘ **“ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥”** ਵਾਲਾ ਬਸੰਤ ਰਾਗ ਦਾ ਪਹਿਲਾ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਬਸੰਤ ਰਾਗ ਵਿੱਚ ਗਾਉਂਦੇ ਹਨ। ਇਸ ਤਰ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਸੰਤ ਰਾਗ ਗਾਉਣ ਦਾ ਆਰੰਭ ਹੁੰਦਾ ਹੈ। ਮਰਯਾਦਾ ਅਨੁਸਾਰ ਹਰ ਰੋਜ਼ ਹਰ ਰਾਗੀ ਜਥਾ ਪਹਿਲਾ ਸ਼ਬਦ ਹਰ ਹਾਲਤ ਵਿੱਚ ਬਸੰਤ ਰਾਗੁ ਦਾ ਸ਼ਬਦ ਤੇ ਬਸੰਤ ਰਾਗੁ ਵਿੱਚ ਹੀ ਗਾਉਂਦਾ ਹੈ। ਹਰ ਚੌਂਕੀ ਦੇ ਦਰਮਿਆਨ ’ਚ ‘ਬਸੰਤ ਦੀ ਵਾਰ’ ਦੀਆਂ ਪਹਿਲੀਆਂ ਦੋ ਪਉੜੀਆਂ ਗਾਈਆਂ ਜਾਂਦੀਆਂ ਹਨ ਤੇ ਤੀਜੀ ਪਉੜੀ ਅੰਤ ਵਿੱਚ ਗਾ ਕੇ ਚੌਂਕੀ ਦੇ ਕੀਰਤਨ ਦੀ ਸਮਾਪਤੀ ਕੀਤੀ ਜਾਦੀ ਹੈ। ਤਿੰਨੇ ਹੀ ਪਉੜੀਆਂ ਬਸੰਤ ਰਾਗ ਵਿੱਚ ਹੀ ਗਾਈਆਂ ਜਾਂਦੀਆਂ ਹਨ। ਇਹ ਸਿਲਸਿਲਾ ਹੋਲੇ ਮਹੱਲੇ ਵਾਲੇ ਦਿਨ ਤੱਕ ਚਲਦਾ ਹੈ। ਹੋਲੇ ਮਹੱਲੇ ਵਾਲੇ ਦਿਨ ਆਸਾ ਜੀ ਦੀ ਵਾਰ ਦੀ ਸਮਾਪਤੀ ਦੀ ਅਰਦਾਸ ਵਿੱਚ ਹੀ ਬਸੰਤ ਰਾਗ ਗਾਉਣ ਦੀ ਸਮਾਪਤੀ ਦੀ ਵੀ ਅਰਦਾਸ ਕਰ ਦਿੱਤੀ ਜਾਂਦੀ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਸਰਦੀਆਂ ਵਿੱਚ ਘੱਟ ਤੋਂ ਘੱਟ 19 ਘੰਟੇ ਤੇ ਗਰਮੀਆਂ ਵਿੱਚ ਵੱਧ ਤੋਂ ਵੱਧ 21 ਘੰਟੇ ਗੁਰਬਾਣੀ ਦਾ ਅਖੰਡ ਕੀਰਤਨ ਹੁੰਦਾ ਹੈ।

# ਸ੍ਰੀ ਹਰਿਮੰਦਰ ਸਾਹਿਬ ਦੀ ਸੰਪੂਰਨਤਾ ਹੋਣ ਤੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਵੱਲੋਂ ਗੁਰਮੁਖ ਪਿਆਰਿਆਂ ਨੂੰ ਕੀਤੀਆਂ ਗਈਆਂ ਬਖਸ਼ਿਸ਼ਾਂ

*—ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ 'ਚੋਂ*

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸੰਪੂਰਨਤਾ ਹੋਣ ਤੇ ਸ਼ੁਕਰਾਨੇ ਵਿੱਚ ਦੀਵਾਨ ਸਜਾਇਆ, ਸੰਗਤਾਂ ਦਾ ਇਕੱਠ ਕੀਤਾ। ਸਭ ਤੋਂ ਪਹਿਲਾਂ ਬਾਬਾ ਬੁੱਢਾ ਸਾਹਿਬ ਜੀ ਨੂੰ ਬਚਨ ਕੀਤਾ ਕਿ ਤੁਸੀਂ ਰੋਜ਼ ਇੱਕ ਘੰਟਾ ਕਥਾ ਕਰਨੀ ਹੈ ਤੇ ਸੰਗਤਾਂ ਨੂੰ ਕਿਹਾ ਕਿ ਤੁਸੀਂ ਕਥਾ ਸਰਵਣ ਕਰਨੀ ਹੈ। ਨਾਲ ਬਾਬਾ ਬੁੱਢਾ ਸਾਹਿਬ ਜੀ ਨੂੰ ਬਚਨ ਕੀਤਾ ਕਿ ਆਪ ਜੀ ਨੇ ਸੰਗਤਾਂ ਨੂੰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਵਿੱਚੋਂ ਉਹ ਦਲੀਲਾਂ ਦੇਣੀਆਂ ਹਨ ਕਿ ਅਜਰ ਨੂੰ ਜਰਨਾ ਕਿਵੇਂ ਹੈ ਤੇ ਸੇਵਾ ਸੰਭਾਲਣੀ ਕਿਵੇਂ ਹੈ। ਨਾਲ ਬਾਬਾ ਬੁੱਢਾ ਸਾਹਿਬ ਜੀ ਨੂੰ ਬਚਨ ਕੀਤਾ ਕਿ **ਆਪ ਜੀ ਸੰਗਤਾਂ ਦੇ ਸਹਾਈ ਹੋਇਆ ਕਰੋਗੇ।**

ਭਾਈ ਆਦਮ ਜੀ ਦੇ ਬੇਟੇ ਭਾਈ ਭਗਤੂ ਜੀ ਨੂੰ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੱਖ ਵਿੱਚੋਂ ਕਿਰਪਾ ਕੀਤੀ, **ਤੁਹਾਨੂੰ ਜੀਵਨ ਮੁਕਤ ਦੀ ਅਸੀਸ ਦਿੱਤੀ ਤੇ ਨਾਲ ਇਹ ਵੀ ਬਚਨ ਕੀਤਾ, ਤੁਸੀਂ ਬੈਰਾੜਾਂ ਦੀ ਸੰਗਤ ਦੀ ਅਗਵਾਈ ਕਰੋਗੇ।**

ਭਾਈ ਬਹਿਲੋ ਜੀ ਨੇ ਗਲ ਵਿੱਚ ਪੱਲਾ ਪਾਇਆ, ਉਹ ਵੀ ਗੁਰੂ ਸਾਹਿਬ ਜੀ ਦੇ ਹੁਕਮ ਵਿੱਚ ਖੜ੍ਹੇ ਹੋ ਗਏ ਤੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਚਨ ਕੀਤਾ, **ਤੁਹਾਡੀ ਝੋਲੀ ਵਿੱਚ ਗਿਆਨਦਾਨ ਦੀ ਅਸੀਸ ਦਿੱਤੀ।** ਨਾਲ ਇਹ ਵੀ ਬਚਨ ਕੀਤਾ ਕਿ **ਗੁਪਤ ਤਾਕਤਾਂ ਤੁਹਾਡੇ ਵੱਸ ਰਹਿਣਗੀਆਂ।**

ਭਾਈ ਮੁੰਗਰੂ ਤੇ ਭਾਈ ਕਲਿਆਣਾ ਜੀ, ਇਨ੍ਹਾਂ ਨੂੰ ਵੀ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ, ਖੜ੍ਹੇ ਹੋ ਜਾਓ ਤੇ ਇਨ੍ਹਾਂ ਨੂੰ ਕੀ ਅਸੀਸ ਦਿੱਤੀ? ਮਹਾਰਾਜ ਜੀ ਨੇ ਬਚਨ ਕੀਤਾ ਤੁਸੀਂ ਜੁੜ ਕੇ ਸੇਵਾ ਕੀਤੀ ਹੈ, **ਤੁਹਾਨੂੰ ਵਾਹਿਗੁਰੂ ਨਾਲ ਪ੍ਰੇਮ ਹੋਵੇਗਾ। ਇਨ੍ਹਾਂ ਨੂੰ ਵਾਹਿਗੁਰੂ ਨਾਲ ਪ੍ਰੇਮ ਦੀ ਪਦਵੀ ਦਿੱਤੀ।**

ਭਾਈ ਅਜਬ ਜੀ, ਭਾਈ ਅਜੈਬ ਜੀ, ਭਾਈ ਸ਼ਾਹ ਜੀ, ਉਮਰਾ ਸ਼ਾਹ ਜੀ, ਭਾਈ ਸੰਘਾ ਜੀ, ਇਨ੍ਹਾਂ ਚਾਰੇ ਸਿੱਖਾਂ ਨੂੰ ਵੀ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ, ਖੜ੍ਹੇ ਹੋਵੋ। ਇਹ ਚਾਰੇ ਸਿੱਖ ਸੰਗਤਾਂ ਕੋਲੋਂ ਦਸਵੰਧ ਲਿਆ ਕੇ ਪੰਜਵੇਂ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਭੇਟ ਕਰਦੇ ਸਨ ਤੇ ਨਾਲ ਹੀ ਇਹ ਇਸ ਗੱਲ ਦਾ ਵੀ ਧਿਆਨ ਰੱਖਦੇ ਸਨ ਕਿ ਸੰਗਤਾਂ ਦਾ ਦਸਵੰਧ ਕਿਤੇ ਸਾਡੇ ਘਰ ਵਿੱਚ ਨਾ ਲੱਗ ਜਾਵੇ। ਇਹ ਇਸ ਨੂੰ ਜ਼ਹਿਰ ਸਮਝਦੇ ਸਨ, ਬਿਖ ਸਮਝਦੇ ਸਨ ਤੇ ਇਨ੍ਹਾਂ ਨੂੰ ਪੰਜਵੇਂ ਪਾਤਸ਼ਾਹ ਜੀ ਨੇ **ਨਾਮ, ਪ੍ਰੇਮ ਤੇ ਮੁਕਤੀ ਦਾ ਦਾਨ ਦਿੱਤਾ।**

ਭਾਈ ਜੇਠਾ ਜੀ, ਭਾਈ ਪਿਰਾਣਾ ਜੀ, ਭਾਈ ਪੈੜਾ ਜੀ, ਭਾਈ ਲੰਗਾਹਾ ਜੀ ਇਨ੍ਹਾਂ ਨੂੰ **ਗਿਆਨ ਤੇ ਸਿੱਧੀਆਂ ਦੀ ਅਸੀਸ ਬਖਸ਼ੀ। ਨਾਲ ਅਜਰ ਨੂੰ ਜਰਨ ਦਾ ਵੀ ਬਲ ਬਖਸ਼ਿਆ।**

ਭਾਈ ਸ਼ਾਲੋ ਜੀ ਨੂੰ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ **ਤੁਹਾਨੂੰ ਇਸ ਨਗਰੀ ਦੀ ਸਪੁਰਦਗੀ ਬਖਸ਼ੀ।** ਕਿਸੇ ਦਾ ਕੋਈ ਮਸਲਾ ਆਵੇਗਾ, ਤੁਸੀਂ ਹੱਲ ਕਰੋਗੇ। **ਨਾਲ ਨਾਮ ਦਾਨ ਤੇ ਮੁਕਤੀ ਬਖਸ਼ੀ।**

# ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦੁਆਰ ਤੇ ਸੁਭਾਇਮਾਨ ਮਹਾਰਾਜਾ ਰਣਜੀਤ ਸਿੰਘ ਵੱਲੋਂ ਲਿਖਵਾਏ ਕੁਝ ਹਰਫ਼

*—ਅੰਮ੍ਰਿਤਸਰ ਸਿਫਤੀ ਦਾ ਘਰ*



***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

***॥ ਜਪੁ ॥***

***ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥***

ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਸਿੱਖ ਜਾਣ ਕਰ ਸ੍ਰੀ ਦਰਬਾਰ ਸਾਹਿਬ ਜੀ ਕੀ ਸੇਵਾ ਸ੍ਰੀ ਮਹਾਰਾਜਾ ਸਿੰਘ ਸਾਹਿਬ ਰਣਜੀਤ ਸਿੰਘ ਜੀ ਪਰ ਦਯਾ ਕਰਕੇ ਕਰਾਈ। ਮਿਤੀ ੧੮੮੦॥

ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸ਼ਰਧਾ ਪੂਰਵਕ ਸੇਵਾ ਕਰਵਾਈ। ਸ੍ਰੀ ਹਰਿਮੰਦਰ ਸਾਹਿਬ ਤੇ ਸੋਨੇ ਦੇ ਪਤਰੇ ਚੜ੍ਹਵਾਏ। ਸੰਗਮਰਮਰ ਲਗਵਾਇਆ ਅਤੇ ਛੱਤ ਤੇ ਕੰਧਾਂ 'ਤੇ ਮੀਨਾਕਸ਼ੀ ਦਾ ਬਹੁਮੁੱਲਾ ਕੰਮ ਕਰਵਾਇਆ। ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦੁਆਰ ਉੱਤੇ ਇਸ ਸੇਵਾ ਦੀ ਯਾਦ ਇਨ੍ਹਾਂ ਸੁਨਹਿਰੀ ਸ਼ਬਦਾਂ ਵਿੱਚ ਉਕਰੀ ਹੋਈ ਮਿਲਦੀ ਹੈ।

# ਕੀਰਤਨ ਦੀਆਂ ਚੌਂਕੀਆਂ

*—ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਇਤਿਹਾਸ*

ਭਾਈ ਵੀਰ ਸਿੰਘ ਜੀ ਆਪਣੇ ਵੱਲੋਂ ਸੰਪਾਦਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਰਾਸਿ ੫ ਅੰਸੂ ੩ ਦੇ ਅੰਕ ੩੫ ਉੱਪਰ ਨਿਸ਼ਾਨ ਦੇ ਦੇ ਪੈਰ ਟੁਕ ਵਿੱਚ ਹੇਠ ਲਿਖੀਆਂ 11 ਚੌਂਕੀਆਂ ਤੇ ਉਨ੍ਹਾਂ ਦਾ ਸਮਾਂ ਲਿਖਿਆ ਹੈ। ਇਹ ਸਮਾਂ ਚੇਤਰ ਮਹੀਨੇ ਦਾ ਹੈ ਉਸ ਸਮੇਂ ਛੇ ਰਾਗੀ ਜਥੇ ਕੀਰਤਨ ਕਰਦੇ ਸਨ।

| | |
|---|---|
| 1. ਤ੍ਰਿਪਹਿਰੇ ਦੀ ਚੌਂਕੀ | ਸਵੇਰੇ 2-30 ਤੋਂ 3-30 ਵਜੇ ਤੱਕ |
| 2. ਆਸਾ ਦੀ ਵਾਰ ਦੀ ਚੌਂਕੀ | ਸਵੇਰੇ 3-30 ਤੋਂ 6-45 ਤੱਕ |
| 3. ਬਿਲਾਵਲ ਦੀ ਪਹਿਲੀ ਚੌਂਕੀ | ਸਵੇਰੇ 6-45 ਤੋਂ 8-40 ਤੱਕ |
| 4. ਬਿਲਾਵਲ ਦੀ ਦੂਜੀ ਚੌਂਕੀ | ਸਵੇਰੇ 8-40 ਤੋਂ 10-20 ਤੱਕ |
| 5. ਅਨੰਦ ਦੀ ਚੌਂਕੀ | ਸਵੇਰੇ 10-20 ਤੋਂ 12-00 ਵਜੇ ਤੱਕ |
| 6. ਸਾਰੰਗ ਦੀ ਚੌਂਕੀ | ਦੁਪਹਿਰ 12-00 ਤੋਂ 1-50 ਤੱਕ |
| 7. ਚਰਨ ਕੰਵਲ ਦੀ ਚੌਂਕੀ | ਦੁਪਹਿਰ 1-50 ਤੋਂ 3-30 ਵਜੇ ਤੱਕ |
| 8. ਜੈਤਸਰੀ ਦੀ ਚੌਂਕੀ | ਦੁਪਹਿਰ 3-30 ਤੋਂ ਸ਼ਾਮ 5-15 ਤੱਕ |
| 9. ਸੋ ਦਰੁ ਦੀ ਚੌਂਕੀ | ਸ਼ਾਮ 5-15 ਤੋਂ 7-00 ਵਜੇ ਤੱਕ |
| 10. ਕਲਯਾਨ ਦੀ ਚੌਂਕੀ | ਸ਼ਾਮ 7-30 ਤੋਂ ਰਾਤ 9-15 ਤੱਕ |
| 11. ਕੀਰਤਨ ਸੋਹਿਲੇ ਦੀ ਚੌਂਕੀ | ਰਾਤ 9-15 ਤੋਂ 10-15 ਤੱਕ |

## ਚੌਂਕੀਆਂ ਦੇ ਆਰੰਭ ਤੇ ਸਮਾਪਤੀ ਦਾ ਸਮਾਂ ਬਦਲਦਾ ਰਹਿੰਦਾ ਹੈ :

| | |
|---|---|
| ਵੈਸਾਖ ਤੇ ਸਾਵਨ ਆਰੰਭ | ਸਵੇਰੇ 2-15 ਤੋਂ ਸਮਾਪਤੀ ਰਾਤ 10-30 ਤੱਕ |
| ਜੇਠ ਤੇ ਹਾੜ ਆਰੰਭ | ਸਵੇਰੇ 2-00 ਤੋਂ ਸਮਾਪਤੀ ਰਾਤ 10-45 ਤੱਕ |
| ਭਾਦਰੋਂ ਤੇ ਚੇਤ ਆਰੰਭ | ਸਵੇਰੇ 2-30 ਤੋਂ ਸਮਾਪਤੀ ਰਾਤ 10-15 ਤੱਕ |
| ਅੱਸੂ ਤੇ ਫੱਗਣ ਆਰੰਭ | ਸਵੇਰੇ 2-45 ਤੋਂ ਸਮਾਪਤੀ ਰਾਤ 10-00 ਤੱਕ |
| ਕੱਤਕ, ਮੱਘਰ, ਪੋਹ, ਮਾਘ ਆਰੰਭ | ਸਵੇਰੇ 3-00 ਤੋਂ ਸਮਾਪਤੀ ਰਾਤ 9-45 ਤੱਕ |

ਸਮੇਂ ਦੇ ਬਦਲਣ ਨਾਲ ਰਾਗੀ ਸਿੰਘਾਂ ਦੀਆਂ ਡਿਊਟੀਆਂ ਤੇ ਚੌਂਕੀਆਂ ਦਾ ਸਮਾਂ ਵੀ ਵਧਦਾ ਤੇ ਘਟਦਾ ਰਹਿੰਦਾ ਹੈ।

**श्री हरिमंदिर साहिब वह सौभाग्य स्थान है जहाँ दस में से आठ पातिशाहियों के चरण पड़े हैं।**

# महानता श्री हरिमंदिर साहिब

*–जसविन्द्र सिंघ (पटियाला)*

*सूही महला ५ ॥*
*हरि जपे हरि मंदरु साजिआ*
*संत भगत गुण गावहि राम॥*
*सिमरि सिमरि सुआमी प्रभु अपना*
*सगले पाप तजावहि राम॥*
*हरि गुण गाइ परम पदु पाइआ*
*प्रभ की ऊतम बाणी॥*
*सहज कथा प्रभ की अति मीठी*
*कथी अकथ कहाणी॥*
*भला संजोगु मूरतु पलु साचा*
*अबिचल नीव रखाई॥*
*जन नानक प्रभ भए दइआला*
*सरब कला बणि आई॥१॥*

*(अंग ७८१)*

हरि के गुणों में कितनी कृपा है, कई छोटी–छोटी बातें जो तेरे मन को लग जाती हैं, जिससे हम कहते हैं कि मन बड़ा खराब है, उनसे मुक्त हो जाएगा, परम पद मिल जाएगा। दास एक किताब पढ़ रहा था। जिसमें लिखा था, कई शरीर स्टेज पर बैठे थे और मैं भी उनके साथ बैठा था, सब को सिरोपा प्रदान किया गया पर मुझे न मिला। अंदर आग लगनी शुरु हो गई, ईर्ष्या आनी शुरु हो गई, दुबिधा शुरु हो गई। गुरु साहिब कहते हैं, हरि के गुण गाकर इन चीजों से व्यक्ति ऊपर उठ जाता है। यह आग लगनी बंद हो जाती है। यह कल्पना, दुविधा बंद हो जाती है। इतने गुण गा, कोशिश कर कोई समय न रह जाए बिना गुण गाए। संगत में गाते हैं, रास्ते में गाते हैं। अमृत वेले भी गाते हैं, संध्या काल भी गाते हैं। यहाँ तक अरदास करनी है, महाराज जी, यह भी कृपा करना, काम–काज करते भी गाते रहें। इससे फिर परम पद मिल जाता है। छोटी–छोटी बातों से, अमुक ने मुझे यह बात कही है, समय आने पर मैंने इसकी बेइज्जती करनी है इस से ऊपर उठ जाएगा।

*हरि गुण गाइ परम पदु पाइआ*
*प्रभ की ऊतम बाणी॥*

*(अंग ७८१)*

*धन्य श्री गुरु रामदास जी।*
*धन्य श्री गुरु रामदास जी।*

श्री हरिमन्दिर साहिब जी, धन्य श्री गुरु रामदास जी के दर की बड़ाइयां कथन से परे हैं। एक रीझ है, धन्य श्री गुरु रामदास जी महाराज के दर की बड़ाई सुनकर हमें धन्य श्री गुरु नानक देव जी महाराज, धन्य श्री गुरु गोबिंद सिंघ जी महाराज की सिक्खी प्यारी लगने लग जाए, निराली लगनी लग जाए, ऊँची लगनी लगे, बहुमूल्य लगनी लगे, अनमोल लगनी

लगे। यह सिक्खी इतनी प्यारी लगे, इसके बराबर किसी की भी तुलना नहीं की जा सकती।

भाई वीर सिंघ जी की लिखी पुस्तकों में से एक पुस्तक है, अष्ट गुरु चमत्कार। इस में जो समय बना है, कलम उठाई है, समय को लिखा है। भाई वीर सिंघ जी ने अपनी पुस्तकों में एक छोटा–सा जिक्र लिखा है, वह भावना बनाता है, उससे सिक्खी और प्यारी लगती है। उन्होंने लिखा है, यह लफ्ज किस के मुँह में से निकले हैं, यू.पी. का कोई सहजधारी है। यहाँ चालीस दिन आया, समय निकाल कर। पिता जी के दर से रस लेने। आत्मिक खुराक लेने। और भाई वीर सिंघ जी ने लिखा है, कोई यू.पी. में छलोने वाले बाबा जी हैं, उनका वह प्रेमी है। यू.पी. का सहजधारी जब श्री हरिमन्दिर साहिब कुछ महीने के लिए आया है, उसने एक लफ्ज कहे हैं, इससे सिक्खी आपको और अनमोल लगने लगेगी। वह यू.पी. का सहजधारी जिसके लफ्ज भाई वीर सिंघ जी ने लिखे हैं। उसने मुख में से क्या कहा है? वह कहने लगा, अवतार आए और गए। दूसरे लफ्ज लिखे हैं, अपने समय में और भी बड़े लोग आए और गए। तीसरे लफ्ज लिखे हैं? अनेक पैगंबर, औलिए आए और गए। सच्चाई कही है। कहने लगे, एक धन्य श्री गुरु रामदास जी हैं, जो गए नहीं, दरबार साहिब में सदा–सदा के लिए बैठ गए हैं। कैसी भावना है। वह कहने लगा, धन्य श्री गुरु रामदास जी हैं, जो गए ही नहीं। सदा–सदा के लिए दरबार साहिब में बैठ गए हैं। वह कहने लगा, जब शरीर रूप में आए, तब भी थे, अब भी हैं और आगे भी रहेंगे। अब आप ही अनुमान लगा लो, कितनी ऊँची उसकी भावना होगी धन्य श्री गुरु रामदास जी पर। कोई समय होगा, उस के मुख में से प्यार वाले वचन निकले। इस वचन की गुरबाणी में ही मोहर लगा लेः

***सतिगुरु मेरा सदा सदा ना आवै न जाइ॥***

*(अंग ७५६)*

अगली लाइन लिखी है, कहने लगा, कोई कुछ कहे, हमारा कल्याण तो गुरबाणी कीर्तन ने ही करना है। मैंने किसका दामन पकड़ा है? किसके चरण पकड़े हैं? मैंने उसकी शिक्षा को संभालना है। यह सप्रिट भरो। श्री गुर प्रताप सूरज ग्रंथ में भी जिक्र है। धन्य श्री गुरु अर्जुन देव जी महाराज, यह आपके बनाए हुए दो बड़े जहाज, भर–भर कर पूर लंघा बैठे हैं। भर–भर पूर लंघा रहे हैं और भर–भर कर पूर पार लंघाते रहेंगे। बड़े प्यार से पढ़ो जीः

***दो बड़े जहाज बनाए।***

दोनों कौन–से? एक धन्य श्री गुरु ग्रंथ साहिब जी और दूसरा धन्य श्री गुरु रामदास जी महाराज का दर, श्री हरिमन्दिर साहिब। यह क्या कर रहे हैं?

***दो बड़े जहाज बनाए।***
***भर भर पूर सो पार लंघाए।***

धन्य श्री गुरु रामदास जी महाराज का दर ऐसा है, वह सौभाग्य भूमि है, जहाँ दस पातिशाहियों में से आठ पातिशाहियों के चरण पड़े हैं।

1502 ई॰ को श्री दरबार साहिब, धन्य श्री गुरु रामदास जी के दर पर धन्य श्री गुरु नानक देव जी महाराज के चरण पड़े हैं। तब यह एक ढाब थी, सरोवर नहीं था जहाँ दुख भंजनी बेरी थी और धन्य श्री गुरु नानक देव जी महाराज ने अपनी रसना से यह वचन किया था, भाई

मरदाना जी को। भाई मरदाना, आज जहाँ बैठे हैं, यह बड़ा पवित्र पावन स्थान है। एक दिन आएगा यहाँ भोग व मोक्ष का प्रवाह चलेगा। भोग, कड़ाह प्रसादि का और मोक्ष मुक्ति।

दास यह पढ़ कर बड़ा हैरान हुआ कि धन्य श्री गुरु नानक देव जी के चरण पड़े हैं और प्रगट हुआ, धन्य श्री गुरु रामदास जी महाराज के समय पर। जब धन्य श्री गुरु नानक देव जी महाराज के यहाँ चरण पड़े तो दुख भंजनी बेरी की तरफ देखकर गुरु साहिब ने अपनी रसना से यह शब्द उच्चारण किया :

***प्रभु हरिमंदरु सोहणा तिसु महि माणक लाल।।***
***मोती हीरा निरमला कंचन कोट रीसाल।।***

*(अंग १७)*

1532 ई॰ में धन्य श्री गुरु नानक देव जी महाराज व भाई लहणा जी (धन्य श्री गुरु अंगद देव जी महाराज) उनके भी चरण पड़े हैं। उस समय श्री गुरु नानक देव जी महाराज ने इस स्थान के बारे भाई लहणा जी के साथ भविष्यवाणी की। यह स्थान समय पर प्रगट होगा। धन्य श्री गुरु अमरदास जी महाराज उन्होंने भी धन्य श्री गुरु अंगद देव जी महाराज से इस स्थान की स्तुति सुनी। अब आनंद और प्यार में आओ। धन्य श्री गुरु अमरदास जी ने भी लिखा है कि धन्य श्री गुरु रामदास जी के इस स्थान के बारे में। अभी यह स्थान प्रगट नहीं हुआ। धन्य श्री गुरु अमरदास जी ने इस स्थान को सिफती का घर कह कर आशीष दी है।

***लाहौर सहरु अंम्रित सरु सिफती दा घरु।।२८।।***

*(अंग १४१२)*

अब आप एक पंक्ति पढ़ते हो :

***लाहौर सहरु जहरु कहरु सवा पहरु।।२७।।***

*(अंग १४१२)*

जो मीट खाते हैं, वे ध्यान से सुन लो। कई कह देते हैं, जायज है। यह लाहौर सवा पहर हो गया, पौने चार घण्टे। एक पहर तीन घण्टे का है। सवा पहर हो गया, अंदाजा पौने चार घण्टे। धन्य श्री गुरु नानक देव जी महाराज की उच्चारण की पंक्ति है। जब श्री गुरु नानक देव जी ने देखा, लाहौर में दिन का सवा पहर ऐसा आता है कि बकरे काटे जाते हैं, जीवों की हत्या होती है, जीव मारे जाते हैं। धन्य श्री गुरु नानक देव जी की पंक्ति अनुसार यह ज़हर जैसा काम है।

***लाहौर सहरु जहरु कहरु सवा पहरु।।२७।।***

*(अंग १४१२)*

ऐसा लाहौर, जहाँ सवा पहर ऐसा ज़हर हो। फिर कुछ शरीर लाहौर से आए, धन्य श्री गुरु अमरदास जी जब से धन्य श्री गुरु नानक महाराज जी ने मुख में कहा है, हमें चैन नहीं। अब यह पंक्ति धन्य श्री गुरु नानक देव जी महाराज की उच्चारण की है:

***लाहौर सहरु जहरु कहरु सवा पहरु।।२७।।***

*(अंग १४१२)*

धन्य श्री गुरु अमरदास जी महाराज के पास आए। हद तो अब बनी है, पहले हद नहीं थी। धन्य श्री गुरु अमरदास जी महाराज ने लाहौर नगर के साथ अमृतसर का नाम जोड़कर इसको अपनी रसना में से सिफती के घर की आशीष दे दी कि अमृतसर के साथ लाहौर भी बख्शा है। धन्य श्री गुरु नानक देव जी महाराज की उच्चारित पंक्ति है:

***लाहौर सहरु जहरु कहरु सवा पहरु।।२७।।***

*(अंग १४१२)*

धन्य श्री गुरु अमरदास जी महाराज ने इस पंक्ति में से जहर कहर निकाल दिया और फिर क्या उच्चारण किया:

***लाहौर सहरु अंम्रित सरु सिफती दा घरु।।२८।।***

*(अंग १४१२)*

अमृतसर को सिफती का घर कहकर उनका भी जहर वाला कष्ट काट दिया।

आठ पातिशाहियों के श्री दरबार साहिब चरण पड़े। धन्य श्री गुरु अमरदास जी महाराज ने गुरगद्दी देने से पहले चौथे पातशाह जी को भेजा यहाँ नगर बसाने के लिए। चौथे पातशाह जी का यह जो दर है, श्री हरिमन्दिर साहिब। चौथे पातशाह, धन्य श्री गुरु रामदास जी ने श्री हरिमन्दिर साहिब को बनाते समय स्वयं हाथों से सेवा की है। पुस्तकों में लफ्ज लिखे हैं, श्री हरिमन्दिर साहिब ऐसा स्थान है जहाँ चौथे पातशाह जी ने स्वयं सेवा करके इसके कण–कण में अमृत भर दिया। पाँचवें पातशाह धन्य श्री गुरु अर्जुन देव जी महाराज ने स्वयं अपने हाथों से सारा निर्माण किया है और पूर्ण करवाया है। छेवें पातशाह जी के जीवन काल के समय। दास हैरान रह गया कि छेवें पातशाह जी के अन्दर कितनी श्रद्धा, धन्य श्री गुरु रामदास जी के घर के लिए, स्थान के लिए। छेवें पातशाह जी के जीवन काल के समय श्री हरिमन्दिर साहिब जी की बड़ाई में एक चौंकी आरंभ करवाई गई जो साध संगत जी, आज तक जारी है और बड़ी बात क्या है? यह चौंकी छेवें पातशाह जी के जीवन काल के समय आरंभ हुई है। तब महाराज जी ग्वालियर में थे। वहाँ से फिर जो बाबा बुड्ढा साहिब जी से इशारा। चौंकी आरंभ करो। वह चौंकी परिक्रमा करे। परिक्रमा करके अरदास करो, पहुँचेगी। छेवें पातशाह जी के जीवन काल के समय चौंकी आरंभ करवाई गई, शब्द कीर्तन करते जो सारी चौंकी आज तक जारी है और धन्य श्री गुरु रामदास जी महाराज के दर की सारी परिक्रमा करके, आप हैरान होंगे धन्य श्री गुरु हरिगोबिंद साहिब जी की प्रदान की हुई बाबा बुड्ढा साहिब जी के द्वारा यह शब्द चौंकी को कितनी बड़ाई दी। जब यह चौंकी परिक्रमा करके अंदर पुल पर सचखण्ड के बाहर दरवाजे के आगे पहुँचती है, जब श्री हरिमन्दिर साहिब कीर्तन कुछ समय के लिए बंद हो जाता है। इस चौंकी का कितना सत्कार। कितना मान है। वैसे कीर्तन बंद नहीं होता। उस समय आप सब दर्शन करते ही हो। यह छेवें पातशाह जी के भी श्री अकाल तख्त सारी जगह चरण पड़े। अब आगे आ जाओ। सातवें पातशाह श्री गुरु हरिराय साहिब, यह लिखा है कि धन्य श्री गुरु हरिराय साहिब जी ने कीरतपुर साहिब से 1651 की दीवाली श्री हरिमन्दिर साहिब, धन्य श्री गुरु रामदास जी के चरणों में मनाई। उनके भी चरण पड़े। आठवें पातशाह जी के चरण नहीं पड़े। बाल अवस्था में चोला बदल गए थे। और नवम पातशाह जी का आपको पता ही है, महाराज जी का आगमन ही श्री अमृतसर साहिब हुआ है। गुरुद्वारा गुरु के महिल साहिब। उन्होंने प्यार में लिखा है कि धन्य श्री गुरु तेग बहादुर साहिब जी की स्तुति क्या करें। धन्य श्री गुरु तेग बहादुर साहिब का पूरा बचपन ही श्री हरिमन्दिर साहिब जी के साथ ओत–पोत है। ओत–पोत कहते हैं अभेद। दसवें पातशाह जी को 1699 में

पंथ ने जब विनती की, आप नहीं आए पर प्रबंध अपने हाथों में लिया और पूर्ण गुरसिक्ख भाई मनी सिंघ जी द्वारा चलाया। देखो, कितना अनमोल है श्री हरिमन्दिर साहिब। यह आठ पातिशाहियों का आपने संक्षिप्त विवरण श्रवण किया है कि कैसे–कैसे इस स्थान की बड़ाई की।

***हरि जपे हरि मंदरु साजिआ***
***संत भगत गुण गावहि राम॥***

*(अंग ७८१)*

यह वह पवित्र धरती है जहाँ दस गुरुओं में से आठ गुरुओं के चरण पड़े हैं। जब आप श्री दरबार साहिब जाते हो, सबके चरणों में आपकी हाजरी लग जाती है। अब अगली बात, कैसे हम अमीर हैं, वाहिद एक धन्य श्री गुरु रामदास जी महाराज पूरे वर्ल्ड में एक आपका दर है जिसके निर्माण के समय दरगाह में से अकाल पुरख ने आकर स्वयं टोकरी उठाई है। चरण सवा–सवा फुट ऊपर धरती से। टोकरी उठाकर सिर पर। सिक्ख हैरान कि कौन आ गया है। बड़ी अजीब–सी साथ फौज है। धन्य श्री गुरु अर्जुन देव जी को कहा कि पता नहीं कौन आया है? अनेक रूहें भी हैं। पता नहीं कौन है? टोकरी उठाता है, सवा फुट सिर से ऊपर लगती है। जब टोकरी लेकर जाता है, पैर जमीन से ऊपर। धन्य श्री गुरु अर्जुन देव जी नंगे पैर भागे आए और आकर जब देखा, आप अकाल पुरख सचखंड में से, दरगाह में से टोकरी उठाने आए। यह जो शब्द है:

***संता के कारजि आपि खलोइआ हरि***
***कंमु करावणि आइआ राम॥***

*(अंग ७८३)*

यह महाराज जी ने आप उच्चारण किया है। आप स्वयं आए हो। आप टोकरी उठा रहे हो। जब आप श्री दरबार साहिब दर्शन करने जाते हो और जहाँ से अमृत की घूंट लेते हो, क्यों कहते हैं हरि की पौड़ी। यह हरि की पौड़ी नाम इसलिए पड़ा है, यहाँ हरि ने टोकरी उठाई है। यहाँ आकर मेल हुआ था। महाराज जी, आप स्वयं। उस समय अकाल पुरख ने कहा, हाँ गुरु अर्जुन देव जी, यह स्थान, गुरु रामदास जी का इतना बड़ा है, इतना बड़ा है, दरगाह में से मुझ से भी रहा नहीं गया। मेरा भी मन किया है कि मैं टोकरी उठाकर इस स्थान की सेवा में अपना योगदान प्रदान करुं। आप अनुमान लगा लो, कहाँ है यह चीज।

***संता के कारजि आपि खलोइआ हरि***
***कंमु करावणि आइआ राम॥***

*(अंग ७८३)*

शब्द उच्चारण किया। हरि की पौड़ी पर मेल हुआ लेकिन श्री गुर प्रताप सूरज ग्रंथ में ऐतिहासिक वचन जिस की कथा, बाबा दीप सिंघ जी के दर पर, पटियाले, गुरुद्वारा दुख निवारन साहिब, ऐतिहासिक गुरुद्वारा साहिब में की जाती है। इस में यह वचन लिखा है। जब ईश्वर ने टोकरी उठाई तो गुरु अर्जुन देव जी महाराज ने कहा कि महाराज जी, आप स्वयं सेवा करने आए हो, आप टोकरी उठा रहे हो। उस समय ईश्वर ने अपनी रसना से क्या कहा? मैंने क्यों टोकरी उठाई है?

***तीन लोक महि होइ न जैसो।***

अर्थ समझ लो। श्री गुर प्रताप सूरज ग्रंथ में लिखा है, ईश्वर स्वयं कह रहे हैं कि तीनों लोकों में श्री हरिमन्दिर साहिब जैसा कोई स्थान

नहीं है।

*तीन लोक महि होइ न जैसो।*
*इहो मेरो मंदर बर होइ।*

यह श्री गुर प्रताप सूरज ग्रंथ के वचन हैं, कोई धारणा नहीं। यह स्थान कैसा है, जिसके बारे में मुख में से वरदान दिया :

*इसकी समता करे ना कोइ।*

इस स्थान की बराबरी दुनिया में कोई स्थान नहीं कर सकेगा।

*भजन परताप बड़े नित ऐसो।*

यहाँ का भजन प्रताप नित्य–नित्य बढ़ता ही जाएगा। कौन है जिस ने अपनी आँखों से नहीं देखा। हम अपनी बात करते हैं। संक्रांति होती थी, अमावस होती थी और आधा पुल भरता था। दीवाली को पूरा पुल और आज देखो, किसी दिन भी चले जाओ, साध संगत जी, पुल भरा ही होता है। अब तो जिस ने अंदर जाना हो सोच कर जाना पड़ता है, पता नहीं एक घण्टा लगेगा, सवा घण्टा लगेगा, दो घण्टे लगेंगे, पाँच घण्टे लगेंगे या सात घण्टे लगेंगे। जब तक बाबा जी के पुल से निकलोगे, पता नहीं धन्य श्री गुरु रामदास जी महाराज ने हमारे कितने पाप धो देने हैं।

*तीन लोक महि होइ न जैसो।*

यह अकाल पुरख ने बड़ाई लिखी, हरि की पौड़ी पर खड़े होकर। यह स्थान ऐसा होगा जो लोगों के नरक काटेगा और सचखंड में भेजेगा।

*नरक निवारन कारन मोख*
*मेरो सिमरन होइ निरदोख।*
*जो नर शरधा भर*
*गाइ कीरतन होइ निस भरम।*

जो जहाँ श्रद्धा से आएगा। जो जहाँ आकर कीर्तन सुनेगा, वह भ्रमों से ऊपर हो जाएगा। वहमों से ऊपर हो जाएगा। किसी ने नया मकान बनाया, बाहर जूती लटका दी। किसी ने नई कार ली, पीछे परांदी बांध दी। यह भ्रम होते हैं। ईश्वर स्वयं कह रहे हैं, तुझे कोई खुशी दी है, दरबार साहिब जाकर हाजरी लगा कर आ, तेरी खुशी का कोई बाल बांका नहीं कर सकेगा।

*गाइ कीरतन होइ निस भरम।*

जो जहाँ आएगा, मुझे मिलेगा।

*मोहि को मिले आए नित संसे।*

अंतिम पंक्तिः

*जनम मरन को बांध पित बंसै।*

कहते जो दरबार साहिब मन झुका कर, धन्य श्री गुरु रामदास जी के इस घर में आएँगे, यह अकाल पुरख के गुरु अर्जुन देव जी के साथ वचन हो रहे हैं, वे मुझे आकर मिलेंगे। कोई शंका न करना, उनकी मुझ से अभेदता होगी।

*मोहि को मिले आए नित संसे।*

अगली बात इससे भी बड़ी कह दी :

*जनम मरन को बांध पित बंसै।*

कहते जो यहाँ श्रद्धा से हाज़री लगाएँगे, वह मुझ से मिलना एक तरफ, उनकी कुल भी मुझे मिलेगी।

*मोहि को मिले आए नित संसे।*
*जनम मरन को बांध पित बंसै।*

आओ जी यह पंक्तियाँ पढ़ो और फिर समाप्ति हैः

*हरि जपे हरि मंदरु साजिआ*
*संत भगत गुण गावहि राम॥*

*(अंग ७८१)*

